ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

ਸਪਤਾਹਿਕ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਬਿਕ੍ਰਮੀ 1977 (1920 ਈ:) ਤੋਂ ਸਥਾਪਿਤ

# ਸਤਿਜੁਗ

ਕਲਿਜੁਗ ਮੇਂ ਸਤਿਜੁਗ ਵਰਤਾਊਂ।। ਤਬੀ ਬਾਰਵਾਂ ਬਪੁ ਕਹਾਊਂ।।

www.sribhainisahib.com ਜਿਲਦ-23 ਨੰਬਰ-22

22 ਤੋ 28 ਸਾਵਣ 2072 - 6 to 12 August 2015 ਵੀਰਵਾਰ, ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ 200

## ਅੰਮ੍ਰਿਤ ਬਚਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

### ਕਿਸੇ ਦਾ ਬੁਰਾ ਨਾ ਚਿਤਵੋ

ਜੇ ਤੁਸੀਂ ਕਿਸੇ ਦਾ ਬੁਰਾ ਨਾ ਚਿਤਵੋਗੇ, ਤੁਹਾਨੂੰ ਕਦੇ ਦੁੱਖ ਨਹੀਂ ਹੋਏਗਾ। ਸਤਿਗੁਰੂ ਅੱਗੇ ਅਰਦਾਸ ਕਰੋ-ਸਾਡੇ ਤੇ ਕਿਰਪਾ ਕਰ, ਰਹਿਮ ਕਰ, ਸਾਡੇ ਮਨ ਵਿੱਚ ਕਿਸੇ ਵਾਸਤੇ ਬੁਰਿਆਈ ਨਾ ਆਵੇ।



# ਬਾਲਾ ਪ੍ਰੀਤਮ ਜੀ ਦੇ ਪ੍ਰਕਾਸ਼ ਪੁਰਬ ਦੀਆਂ ਲੱਖ-ਲੱਖ ਵਧਾਈਆਂ




ਸ੍ਰੀ ਹਰਿ ਕ੍ਰਿਸ਼ਨ ਧਿਆਈਐ ਜਿਸ ਡਿਠੈ ਸਭਿ ਦੁਖ ਜਾਏ॥

## ਹਰਕ੍ਰਿਸ਼ਨ ਭਯੋ ਅਸ਼ਟਮ ਬਲਬੀਰਾ

**ਗੁਰੂ ਵਡਿਆਈ : ਜੇ ਸਉ ਉਗਵਹਿ ਸੂਰਜ ਚੜਹਿ ਹਜ਼ਾਰ।।
ਏਤੇ ਚਾਨਣ ਹੋਂਦਿਆਂ ਗੁਰ ਬਿਨ ਘੋਰ ਅੰਧਾਰ।।**

ਛੋਟੀ ਉਮਰ ਇਲਾਹੀ ਕੌਤਕ- ਪੰਜ ਸਾਲ ਦੀ ਆਯੂ ਵਿਚ ਬਾਲਾ ਪ੍ਰੀਤਮ ਨੂੰ ਅਕਤੂਬਰ 1661 ਵਿਚ ਗੁਰਗੱਦੀ ਬਖਸ਼ੀ ਗਈ। ਜਦੋਂ ਆਪ ਨੂੰ ਫੈਲੀ ਬਿਮਾਰੀ ਸਮੇਂ ਸ਼ਾਹੀ ਸੱਦਾ ਮਿਲਿਆ, ਆਪ ਕੀਰਤਪੁਰ ਤੋਂ ਦਿੱਲੀ, ਰਾਜਾ ਜੈ ਸਿੰਘ ਪਾਸ ਗੁਰਦੁਆਰਾ ਬੰਗਲਾ ਸਾਹਿਬ ਡੇਰਾ ਕਰਦੇ ਹਨ। ਰਸਤੇ ਵਿਚ ਵੀ ਰੱਥਗੱਡੀ ਝਰੋਖੇ ਚੋਂ ਦਰਸ ਦੇ ਸੰਗਤਾਂ ਦੇ ਦੁੱਖ ਹਰਦੇ ਆਏ। ਇਕ ਕੋਹੜੀ ਠੀਕ ਹੋਇਆ। ਗੁਰੂ ਪ੍ਰੰਪਰਾ ਦੇ ਸਿਰਮੌਰ ਬਾਨੀ ਸਤਿਗੁਰੂ ਜੀ ਨੇ ਉਹ ਲਾਸਾਨੀ ਕੰਮ ਕੀਤੇ ਜੋ ਵੱਡੀ ਆਯੂ ਦੇ ਸਤਿਗੁਰਾਂ ਨੇ ਨਹੀਂ ਕੀਤੇ। ਸਮੇਂ ਦਾ ਸਤਿਗੁਰੂ ਸਮਰਥ ਹੁੰਦਾ ਹੈ। ਜੇ ਸਤਿਗੁਰੂ ਸਰੀਰ ਕਰਕੇ ਨਾ ਆਉਂਦੇ ਤਾਂ ਬਾਣੀ ਦੀ ਰਚਨਾ ਨਾ ਹੁੰਦੀ। ਗੁਰਾਂ ਨੇ 36 ਵਰ੍ਹੇ ਜਪਕੇ ਫਿਰ ਮਾਤਰਾ ਜੋੜ 4 ਸਾਲ ਜਪਕੇ ਗੁਰਮੰਤਰ ਐਸਾ ਦਿੱਤਾ ਜੋ ਸਭ ਲਈ ਕਲਿਆਣਕਾਰੀ ਹੈ। ਗੁਰਬਾਣੀ ਵਿਚ ਗੁਰ ਨਾਨਕ ਦੇਵ ਜੀ ਨੇ ਤਤ ਕੱਢਿਆ "ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ।" ਹਰ ਗੁਰਮੁੱਖ ਦੀ ਅੰਤਰ ਆਤਮਾ ਪੁਕਾਰਦੀ ਹੈ - 'ਮਿਠ ਬੋਲੜਾ ਜੀ ਹਰਿ ਸੱਜਣੁ ਸੁਆਮੀ ਮੋਰਾ।। ਹਉ ਸੰਮਲਿ ਥਕੀ ਜੀ ਓਹੁ ਕਦੇ ਨਾ ਬੋਲੈ ਕਉਰਾ।। ਐਸੀ ਪ੍ਰਤਿਭਾ ਦੇ ਮਾਲਕ ਸਨ ਗੁਰੂ ਹਰਕ੍ਰਿਸ਼ਨ ਜੀ। ਜਿਸ ਨੂੰ ਦਸਮੇਸ ਪਿਤਾ ਨੇ ਅਰਦਾਸ ਵਿਚ ਮੂਰਤੀਮਾਨ ਕੀਤਾ-ਸ੍ਰੀ ਹਰਕ੍ਰਿਸ਼ਨ ਧਿਆਈਐ ਜਿਸ ਡਿਠੈ ਸਭ ਦੁਖ ਜਾਇ।।

(ਬਾਕੀ ਸਫਾ 2'ਤੇ)

## ਸਤਿਗੁਰੂ ਜੀ ਦਾ ਆਸਟ੍ਰੇਲੀਆ ਦੇ ਸ਼ਹਿਰ ਪਰਥ ਦਾ ਦੌਰਾ

ਪਛਮ ਆਸਟ੍ਰੇਲੀਆ ਰਾਜ ਦੇ ਦੱਖਨ ਪੱਛਮ ਭਾਗ (ਡੀਵੀਜਨ) ਵਿਚ ਵਸਿਆ ਪਰਥ ਸ਼ਹਿਰ ਆਸਟ੍ਰੇਲੀਆ ਦਾ ਚੌਥਾ ਵੱਡਾ ਆਬਾਦ ਸ਼ਹਿਰ ਹੈ। ਜਿਸ ਦੀ ਆਬਾਦੀ ਲਗਭਗ 2 ਮੀਲੀਅਨ ਤੋਂ ਵਧ ਹੈ। ਪਰਥ ਮੂਲ ਰੂਪ ਵਿਚ ਸਵਾਨ ਰੀਵਰ ਕਾਲੋਨੀ ਦਾ ਪ੍ਰਸ਼ਾਸਨਿਕ ਕੇਂਦਰ ਦੇ ਰੂਪ ਵਿਚ 1829 ਈ. 'ਚ ਕੈਪਟਨ ਜੇਮਸ ਸਟਰਲਿੰਗ ਦੁਆਰਾ ਸਥਾਪਿਤ ਕੀਤਾ ਗਿਆ ਸੀ। ਜਿਸਨੂੰ 1856 ਵਿਚ ਸ਼ਹਿਰ ਦਾ ਦਰਜ਼ਾ ਪ੍ਰਾਪਤ ਹੋਇਆ। ਇਸ ਸ਼ਹਿਰ ਵਿਚ ਭਾਰਤੀ ਮੂਲ ਦੇ ਵਸਨੀਕਾਂ ਦੀ ਤਾਦਾਦ ਵੀ ਕਾਫੀ ਹੈ ਅਤੇ ਇਸ ਸ਼ਹਿਰ ਵਿਚ 2 ਵਡੇ ਗੁਰਦੁਆਰੇ (ਗੈਰ ਨਾਮਧਾਰੀ) ਹਨ। ਪਿਛਲੇ ਸਮਿਆਂ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦਾ ਓਟ ਆਸਰਾ ਲੈ ਹਰਿਆਣਾ ਅਤੇ ਪੰਜਾਬ ਤੋਂ ਕਾਫੀ ਨਾਮਧਾਰੀ ਨੌਜਵਾਨਾਂ ਨੇ ਇਸ ਸ਼ਹਿਰ ਨੂੰ ਆਪਣੀ ਕਰਮ ਭੂਮੀ ਬਣਾਇਆ ਹੈ।

(ਬਾਕੀ ਸਫਾ 6'ਤੇ)

## ਸੰਤ ਬਲਕਾਰ ਸਿੰਘ ਸੇਵਕ ਦਾ ਟਰਾਂਟੋ (ਕਨੇਡਾ) ਵਿਖੇ ਵਿਸ਼ੇਸ਼ ਸਨਮਾਨ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿੱਚ ਰਹਿ ਕੇ ਹਜ਼ੂਰੀ ਸੇਵਕ ਦਾ ਮਾਨ ਪ੍ਰਾਪਤ ਅਤੇ ਵਰਤਮਾਨ ਹਾਜ਼ਰਾ ਹਜ਼ੂਰ ਸਤਿਗੁਰੂ ਉਦੈ ਸਿੰਘ ਜੀ ਦੇ ਚਰਨ ਸੇਵਕ ਸੰਤ ਬਲਕਾਰ ਸਿੰਘ ਜਿਹੜੇ ਕਾਫੀ ਲੰਮੇ ਸਮੇਂ ਤੋਂ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਟਰਾਂਟੋ (ਕਨੇਡਾ) ਵਿਖੇ ਬੱਚਿਆਂ ਨੂੰ ਸ਼ੁੱਧ ਗੁਰਬਾਣੀ, ਦੀਵਾਨ ਅਤੇ ਆਸਾ ਦੀ ਵਾਰ ਦਾ ਕੀਰਤਨ ਵਾਰੇ ਦੇ ਰੂਪ ਵਿੱਚ ਕਰਨ ਦੀ ਜਾਚ ਦਸਦੇ ਹਨ। ਅਤੇ ਬੱਚੇ ਇਹ ਸਿੱਖਿਆ ਪ੍ਰਾਪਤ ਕਰਕੇ ਗੁਰਸਿੱਖੀ ਦਾ ਪ੍ਰਚਾਰ ਕਰਦੇ ਹਨ। ਪਿਛਲੇ ਦਿਨੀ ਟਰਾਂਟੋ ਵਿਖੇ ਨਾਮਧਾਰੀ ਸਾਧ-ਸੰਗਤ ਨੇ ਇੱਕ ਸਮਾਗਮ ਕਰਕੇ ਟਰਾਂਟੋ ਦੀ ਨਾਮਧਾਰੀ ਸੰਗਤ ਅਤੇ ਬੱਚਿਆ ਵੱਲੋਂ ਸੰਤ ਬਲਕਾਰ ਸਿੰਘ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਸਭ ਤੋਂ ਪਹਿਲਾਂ ਕਾਕਾ ਹਾਕਮ ਸਿੰਘ ਬਡਵਾਲ ਨੇ ਸੰਤਾਂ ਦੇ ਸਨਮਾਨ ਲਈ ਸਟੇਜ ਉਪਰ ਆਕੇ ਮਾਇਕ ਤੇ ਕੁੱਝ ਸ਼ਬਦ ਆਖੇ ਅਤੇ ਟਰਾਂਟੋ ਦੇ ਬੱਚਿਆਂ ਵੱਲੋਂ ਸੂਬਾ ਰੇਸ਼ਮ ਸਿੰਘ ਨੇ ਮੰਚ ਤੇ ਆ ਕੇ ਇਹ ਸਨਮਾਨ ਸੰਤ ਬਲਕਾਰ ਸਿੰਘ ਸੇਵਕ ਨੂੰ ਭੇਟ ਕੀਤਾ। ਸਨਮਾਨ ਪ੍ਰਾਪਤ ਕਰਕੇ ਸੰਤ ਬਕਲਾਰ ਸਿੰਘ ਸੇਵਕ ਨੇ ਆਖਿਆਂ ਕਿ ਇਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਵਕਤ ਦੇ ਮਾਲਕ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਕਿਰਪਾ ਸਦਕਾ ਹੀ ਹੈ ਕਿ ਜੋ ਬੱਚਿਆਂ ਨੂੰ ਸਿਖਾਇਆ ਗਿਆ ਹੈ ਸ੍ਰੀ ਸਤਿਗੁਰੂ ਜੀ ਕਿਰਪਾ ਕਰਨ ਅਤੇ ਬੱਚਿਆ ਤੇ ਇਸ ਤਰਾਂ ਹੀ ਕਿਰਪਾ ਬਣੀ ਰਹੇ ਅਤੇ ਬੱਚੇ ਸਮਾਜ ਦੀ ਅਤੇ ਨਾਮਧਾਰੀ ਪੰਥ ਦੀ ਸੇਵਾ ਕਰ ਸਕਣ।

-ਹਰਜਿੰਦਰ ਸਿੰਘ ਬਡਵਾਲ,ਕਨੇਡਾ

# ਹਰਕ੍ਰਿਸ਼ਨ ਭਯੋ ਅਸ਼ਟਮ ਬਲਬੀਰਾ...(ਬਾਕੀ ਸਫਾ 1 ਦੀ)

**ਗੁਰੂ ਪ੍ਰਕਾਸ਼**–ਗੁਰੂ ਹਰਕ੍ਰਿਸ਼ਨ ਜੀ ਦਾ ਪ੍ਰਕਾਸ਼ 7 ਜੁਲਾਈ 1656 ਈ. ਨੂੰ ਗੁਰੂ ਹਰਿ ਰਾਇ ਜੀ ਦੇ ਗ੍ਰਹਿ ਵਿਖੇ ਮਾਤਾ ਕਿਸ਼ਨ ਕੌਰ ਦੀ ਕੁੱਖੋਂ ਸਾਵਣ ਵਿਚ ਕੀਰਤਪੁਰ ਵਿਖੇ ਹੋਇਆ। ਆਪ ਪੰਜ ਵਰ੍ਹੇ ਪਿਤਾ ਗੁਰੂ ਪਾਸ ਹੀ ਰਹੇ। ਬਚਪਨ ਵਿਚ ਕਈ ਕੌਤਕ ਹੋਏ। ਬੱਚਿਆਂ ਲਈ ਗੁਰੂ ਹਰਕ੍ਰਿਸ਼ਨ ਜੀ ਦਾ ਜੀਵਨ ਤੇ ਦਰਸ਼ਨ ਬੜੇ ਉਤਸ਼ਾਹ ਵਾਲਾ ਹੈ। ਦਿੱਲੀ, ਪੰਜਾਬ, ਹਰਿਆਣਾ ਤੋਂ ਬਿਨਾਂ ਭਾਰਤ ਵਿਚ ਅਤੇ ਬਾਹਰੀ ਦੇਸ਼ਾਂ ਵਿਚ ਗੁਰਾਂ ਦੇ ਨਾਮ ਕਈ ਸਕੂਲ ਕਾਲਜ ਨੇ। ਇਸ ਤਰ੍ਹਾਂ ਖਾਲਸਾ ਪੰਥ ਦਾ ਵਿਸ਼ਵਾਸ ਤੇ ਵਾਧਾ ਹੋਣ ਲਗਾ। ਜਿਨਾਂ ਨੇ ਗੁਰਦੁਆਰਾ ਬੰਗਲਾ ਸਾਹਿਬ ਤੋਂ ਅੰਮ੍ਰਿਤ ਜਲ ਛਕਿਆ, ਧਿਆਨ ਬਿਰਤੀ ਟਿਕਾਈ, ਨੰਗੇ ਪੈਰੀਂ ਆ ਸੇਵਾ ਕੀਤੀ ਉਹਨਾਂ ਦੇ ਕਾਰਜ ਰਾਸ ਹੋਏ ਅਤੇ ਕੁੱਖਾਂ ਹਰੀਆਂ ਹੋਈਆਂ। ਇਥੋਂ ਲਾ ਇਲਾਜ ਬਿਮਾਰੀਆਂ ਦਾ ਅੰਤ ਹੋ ਜਾਂਦਾ ਹੈ।

**ਗੁਰੂ ਜੀਵਨ ਮਹਿਮਾ–** ਗੁਰੂ ਜੀ ਦਾ ਬਚਪਨ ਜੀਵਨ ਮਾਨਵ ਹਮਦਰਦੀ ਤੇ ਸਾਂਤ ਪੁੰਜ ਜੀਵਨ ਸੀ। ਜਗਤ ਇਤਿਹਾਸ ਵਿਚੋਂ ਕੋਈ ਐਸੀ ਸਖਸ਼ੀਅਤ ਨਹੀਂ ਜੋ ਇਨਕਲਾਬੀ ਲਹਿਰ ਵਿਚ ਛੋਟੀ ਉਮਰੇ ਅਗਵਾਈ ਕਰੇ। ਸਤਿਗੁਰਾਂ ਗੁਰਗੱਦੀ ਦੇ ਨਾਲ ਦੇਵੀ ਗੌਰਵ ਦੀ ਸੰਭਾਲ ਕੀਤੀ। ਬਾਲੀ ਉਮਰੇ ਆਪ ਅਬਚਲੀ ਜੋਤ ਦੇ ਵਾਰਿਸ ਬਣੇ। ਸੰਗਤ ਵਿਚ ਬੈਠਕੇ ਦੋਨੋ ਭਰਾ ਕੀਰਤਨ ਸੁਣਦੇ ਰਹੇ। ਗੁਰੂ ਹਰਕ੍ਰਿਸ਼ਨ– ਸ਼ਬਦ ਵਿਚਾਰ ਵਿਚ ਭਾਗ ਲੈਣਾ, ਗੁਰਸਿੱਖਾਂ ਦੀ ਲੰਗਰ ਦੁਆਰਾ ਅਗਵਾਈ ਅਤੇ ਧਿਆਨ ਰੱਖਣਾ, ਜੀਵਨ ਦਾ ਹਿੱਸਾ ਰਹੀ। ਗੁਰੂ ਦਾ ਬਿਬੇਕ ਗਿਆਨ – ਭੈ – ਭਰਮ – ਪਸਾਰ ਤੋਂ ਸੁਤੰਤਰ ਬਣਾ ਦਿੰਦਾ ਹੈ। ਆਪਣੇ ਬਿਨਾਂ ਕਿਸੇ ਡਰ ਦੇ ਗੁਰਗੱਦੀ ਦੀਆਂ ਜ਼ੁੰਮੇਵਾਰੀਆਂ ਸੰਭਾਲ ਲਈਆਂ।

**ਬਾਦਸ਼ਾਹੀ ਸੱਦੇ ਤੇ ਦਿੱਲੀ ਨੂੰ–** ਕੀਰਤਪੁਰ ਤੋਂ ਦਿੱਲੀ ਪੌਣੇ ਦੋ ਸੋ ਮੀਲ ਹੈ। ਸੱਠ ਮੀਲ ਆ ਕੇ ਅੰਬਾਲੇ ਪਾਸ ਪੰਜੋਖਰੇ ਆ ਡੇਰਾ ਕੀਤਾ। ਦਿੱਲੀ ਜਾਣ ਲਈ ਜਰਨੈਲੀ ਰੋਡ ਤੇ ਕੁਰਕਸੇਤਰ, ਥਾਨੇਸਰ, ਕਰਨਾਲ, ਪਾਣੀਪਤ ਆਦਿ ਸ਼ਹਿਰ ਆਉਂਦੇ ਹਨ। ਪਾਤਸ਼ਾਹ ਨੇ ਫਿਰ ਕੁਰਕਸ਼ੇਤਰ ਆ ਡੇਰਾ ਕੀਤਾ। ਹਿੰਦੂ ਲੋਕ ਐਸੇ ਤੀਰਥਾਂ ਤੇ ਆ ਕੇ ਪੰਡਿਤਾਂ ਨੂੰ ਦਾਨ ਪੁੰਨ ਕਰਦੇ ਹਨ। ਇਸ਼ਨਾਨ ਨੂੰ ਮਹਤਵ ਦਿੰਦੇ ਹਨ ਪ੍ਰੰਤੂ ਗੁਰੂ ਘਰ ਵਿਚ ਪ੍ਰਭੂ ਦੀ ਯਾਦ ਤੇ ਗਰੀਬਾਂ ਦੀ ਸੇਵਾ ਮਨੁਖਤਾ ਦਾ ਨਿਸ਼ਾਨਾ ਰਿਹਾ। ਪਾਂਡੇ ਇਸ ਗਲੋਂ ਬੜੇ ਚਿੜੇ ਕਿ ਸਾਡੀ ਕਮਾਈ ਘੱਟਦੀ ਹੈ। ਇਕ ਪੰਡਿਤ ਕ੍ਰਿਸ਼ਨ ਲਾਲ ਨੇ ਸਿੱਖਾਂ ਨੂੰ ਕਿਹਾ ਕਿ ਦੁਆਪਰ ਦੇ ਕ੍ਰਿਸ਼ਨ ਨੇ ਗੀਤਾ, ਅਰਜੁਨ ਨੂੰ ਸੁਣਾਈ ਸੀ। ਜੋ ਸੱਤ ਅੱਠ ਸਾਲ ਦਾ ਬਾਲਕ ਜਿਸਨੂੰ ਸੰਗਤ ਗੁਰੂ ਆਖਦੀ ਹੈ, ਆਪਣਾ ਨਾਂ ਵੀ ਹਰਕ੍ਰਿਸ਼ਨ ਰਖਿਆ ਹੈ ਤਾਂ ਜਾਣੀਏ ਜੇ ਗੀਤਾ ਦੇ ਸਲੋਕ ਦੇ ਅਰਥ ਦੱਸੇ? ਸਤਿਗੁਰਾਂ ਦਾ ਪਹਿਲਾ ਵੀ ਵਾਹ ਪੈ ਚੁੱਕਿਆ ਸੀ। ਉਹਨਾਂ ਕਿਹਾ ਪੰਡਿਤ ਜੀ ਜਾਉ ਮਨ ਪਸੰਦ ਦਾ ਬੰਦਾ ਲੈ ਆਉ। ਉਸਨੇ ਅਨਪੜ ਛੱਜੂ ਝੀਵਰ ਲਿਆ ਖੜਾ ਕੀਤਾ। ਸਤਿਗੁਰਾਂ ਨੇ ਸਿਰ ਛੜੀ ਰਖ ਗੀਤਾ ਦੇ ਅਰਥ ਕਰਾ ਦਿੱਤੇ। ਪੰਡਤ ਹੈਰਾਨ ਹੋ ਭੱਜ ਉਠਿਆ।

**ਗੁਰੂ ਘਰ ਦੀ ਵਿਰੋਧਤਾ–** ਜਦੋਂ ਗੁਰਗੱਦੀ ਦੇ ਲਾਇਕ ਜਾਣਕੇ ਪਿਤਾ ਗੁਰੂ ਨੇ ਗੁਰਗੱਦੀ ਬਖਸ਼ੀ ਤਾਂ ਧੀਰਮੱਲ ਤੇ ਰਾਮਰਾਏ ਨੇ ਵਿਰੋਧਤਾ ਸ਼ੁਰੂ ਕਰ ਦਿੱਤੀ। ਧੀਰ ਮੱਲ ਨੇ ਔਰੰਗਜ਼ੇਬ ਦੇ ਕੰਨ ਭਰੇ, ਆਉਂਦੀ ਚੜਤ ਮਸੰਦਾਂ ਰਾਹੀਂ ਰੋਕੀ। ਗੁਰੂ ਨਾਨਕ ਤੋਂ ਹੀ ਗੁਰੂ ਘਰ ਨਾਲ ਵਿਰੋਧਤਾ ਹੁੰਦੀ ਰਹੀ। ਪ੍ਰੰਤੂ ਕੁਝ ਨਾ ਹੋ ਸਕਿਆ। ਹੋਇਆ ਉਹੀ ਜੋ ਕਰਤਾਰ ਨੂੰ ਭਾਇਆ। ਰਾਮਰਾਏ ਨੇ ਬਾਣੀ ਦੀ ਤੁਕ ਬਦਲੀ ਤੇ ਰਾਜੇ ਨੂੰ ਕਾਰਾਮਾਤਾਂ ਦਿਖਾਈਆਂ ਲਾਲਚ ਵਸ। ਗੁਰੂ ਹਰਿਰਾਇ ਜੀ ਨੇ ਮੂੰਹ ਨਹੀਂ ਲਾਇਆ।

**ਸਤਿਗੁਰਾਂ ਦਾ ਦਿਲੀ ਆਉਣਾ–** *ਸੋ ਸਚੁ ਸੇਵਿਹੁ ਸਿਰਜਣ ਹਾਰਾ ਸਭਦੇ ਦੁਖ ਨਿਵਾਰਣਹਾਰਾ।* ਜਦੋਂ ਦਿੱਲੀ ਮਹਾਰਾਜਾ ਜੈ ਸਿੰਘ ਰਾਜੇ ਦੇ ਬੰਗਲੇ ਡੇਰਾ ਕੀਤਾ ਤਾਂ ਸ਼ਹਿਰ ਵਿਚ ਚੇਚਕ ਤੇ ਹੈਜੇ ਦੀ ਬਿਮਾਰੀ ਫੈਲੀ ਸੀ। ਇਕ ਦਿਨ ਰਾਣੀ ਦੀਆਂ ਸਹੇਲੀਆਂ ਇਕਠੀਆਂ ਸਾਂਗ ਰਚਿਆ। ਜੇ ਗੁਰੂ ਜੀ ਸੱਚੇ ਹਨ ਤਾਂ ਬੁੱਝ ਕੇ ਗੋਦ ਆ ਬੈਠਣ। ਗੁਰੂ ਜੀ ਛੜੀ ਲਾ ਕੇ ਬੁੱਝ ਕੇ ਰਾਣੀ ਦੀ ਗੋਦ ਜਾ ਬੈਠੇ।

ਦਿੱਲੀ ਦੀ ਜਨਤਾ ਬਿਮਾਰੀ ਤੋਂ ਮਰ ਰਹੀ ਸੀ। ਆਪਨੇ ਆਪਣੀ ਖੁੰਡੀ ਨਾਲ ਜਲ ਕਢਿਆ ਤੇ ਅੰਮ੍ਰਿਤ ਪੀਣ ਨਾਲ ਰੋਗੀਆਂ ਦੇ ਰੋਗ ਹਟਣ ਲਗੇ। ਆਪ ਸਤਿਗੁਰੂ ਜੀ ਚੁਬਚੇ ਵਿਚ ਖੜ ਗਏ। ਇਹ ਰਾਜੇ ਦੇ ਵਸ ਦੀ ਗਲ ਨਹੀਂ ਸੀ। ਔਰੰਗਜ਼ੇਬ ਦਰਸ਼ਨ ਕਰਨਾ ਚਾਹੁੰਦਾ ਸੀ, ਸਤਿਗੁਰਾਂ ਮਨਾਂ ਕੀਤਾ। ਅਨੇਕ ਸੰਗਤਾਂ ਨੇ ਦਰਸ ਕਰ ਰੋਗ ਮਿਟਾਏ। ਪ੍ਰਤੂ ਸ਼ਹਿਰ ਵਿਚ ਜਾਂਦੇ ਲੋਕਾਂ ਦੀ ਬਿਮਾਰੀ ਲਾ ਲਈ। ਆਪ ਬਿਮਾਰ ਹੋ ਗਏ ਤੇ ਚੇਚਕ ਦਾ ਹਲਾ ਹੋ ਗਿਆ। ਕੁਝ ਦਿਨ ਯਮਨਾ ਕਿਨਾਰੇ ਰਹੇ।

**ਜੋਤੀ ਜੋਤਿ ਹੋਣਾ ਬਾਬਾ ਬਕਾਲੇ–** ਗੁਰੂ ਹਰਕ੍ਰਿਸ਼ਨ ਜੀ ਸਰੀਰ ਕਰਕੇ 1656 ਤੋਂ 1664 ਈ. ਤੱਕ ਅੱਠ ਸਾਲ ਕੁ ਵਰ੍ਹੇ ਬਣਦਾ ਹੈ। ਸਿਖੀ ਵਿਚ ਆਪ ਦਾ ਪ੍ਰਤਾਪ ਵਧਿਆ। 30 ਮਾਰਚ 1664 ਨੂੰ ਬੁਧਵਾਰ ਜੋਤੀ ਜੋਤਿ ਸਮਾਣ ਸਮੇਂ ਸਾਧ ਸੰਗਤ ਦੀ ਬੇਨਤੀ ਉਤੇ ਆਪ ਨੇ ਬਾਬਾ ਬਕਾਲੇ ਹੁਕਮ ਕਰ ਗੁਰੂ ਪ੍ਰੰਪਰਾ ਨੂੰ ਅਗੇ ਤੋਰਿਆ ਤੇ ਬਾਲਾ ਸਾਹਿਬ (ਦਿੱਲੀ ਵਿਖੇ) ਜਾ ਚੋਲਾ ਛਡਿਆ। ਆਪ ਦੀ ਕਾਰ ਨੂੰ ਗੁਰੂ ਤੇਗ ਬਹਾਦਰ ਜੀ ਨੇ ਸੰਭਾਲਿਆ।

**ਗੁਰੂ ਹਰਕ੍ਰਿਸ਼ਨ ਸਾਹਿਬ ਜੀ ਦਾ ਉਪਦੇਸ਼–** ਗੁਰੂ ਗੋਬਿੰਦ ਸਿੰਘ ਜੀ ਦੇ ਅਨੁਭਵ ਵਿਚ ਆਪ ਜੀ ਦਾ ਜੀਵਨ ਪ੍ਰਭਾਵਸ਼ਾਲੀ ਰਿਹਾ। ਗੁਰੂ ਨਾਨਕ ਦੇਵ ਜੀ ਦੇ ਫਲਸਫੇ ਅਨੁਸਾਰ ਪ੍ਰੰਪਰਾ ਦੇ ਸਿਧਾਂਤ ਇਕ ਸਨ। ਜਦੋਂ ਸਭ ਦਾ ਸਿਰਜਣਹਾਰ ਇਕ ਹੈ ਤਾਂ ਵਰੁਣ ਵੰਡ ਨਹੀਂ ਹੋ ਸਕਦੀ।**–ਜਸਵੰਤ ਸਿੰਘ ਜੱਸ**

# ਪਿੰਡ ਚੁੰਨੀ ਖੁਰਦ ਵਿਖੇ ਪ੍ਰਭਾਵਸ਼ਾਲੀ ਦਿਵਾਨ

ਪਿੰਡ ਚੁੰਨੀ ਖੁਰਦ (ਜ਼ਿਲਾ ਫਤਿਹਗੜ੍ਹ) ਵਿਖੇ ਸ੍ਰੀ ਸਤਿਗੁਰੂ ਜੀ ਦੇ ਅਨਿੰਨ ਸ਼ਰਧਾਲੂ ਸਿੱਖ ਪ੍ਰਸਿੱਧ ਜਥੇਦਾਰ ਨਿਰੰਜਨ ਸਿੰਘ ਟਮਕੌਦੀ ਵਾਲਿਆਂ ਨੇ ਸੰਤ ਸੁਰਜੀਤ ਸਿੰਘ ਦੇ ਗ੍ਰਹਿ ਵਿਖੇ 22 ਮਈ ਵਾਲੇ ਦਿਨ ਸਵੇਰੇ ਸਾਰੀ ਸੰਗਤ ਨਾਲ ਮਿਲਕੇ ਨਾਮ ਸਿਮਰਨ ਕੀਤਾ। ਉਪਰੰਤ ਜਥੇਦਾਰ ਜੀ ਨੇ ਦੋ ਘੰਟੇ ***'ਸਤਿਗੁਰੂ ਸਿਖ ਕੀ ਕਰੇ ਪ੍ਰਤਿਪਾਲ'*** ਦੇ ਵਿਸ਼ੇ ਤੇ ਪ੍ਰਭਾਵਸ਼ਾਲੀ ਦਿਵਾਨ ਸਜਾਇਆ। ਦਿਵਾਨ ਤੋਂ ਪ੍ਰਭਾਵਿਤ ਹੋ ਕੇ 10 ਸਰੀਰਾਂ ਨੇ ਭਜਨ ਲਿਆ। ਜਥੇਦਾਰ ਜੀ ਨੇ ਸਾਧ ਸੰਗਤ ਨੂੰ ਸਤਿਜੁਗ ਦੀ ਮਹੱਤਤਾ ਦੱਸੀ। ਇਸ ਤੋਂ ਬਾਅਦ 29 ਮਈ ਵਾਲੇ ਦਿਨ ਇਸੇ ਨਗਰ ਦੇ ਸੰਤ ਲਖਵੀਰ ਸਿੰਘ ਪਰਜਾਪਤ ਨੇ ਅੰਮ੍ਰਿਤ ਵੇਲੇ ਨਵੇਂ ਬਣਾਏ ਮਕਾਨ ਦੀ ਖੁਸ਼ੀ ਵਿਚ ਸਾਧ ਸੰਗਤ ਨੂੰ ਬੁਲਾਕੇ ਨਾਮ ਸਿਮਰਨ ਕਰਵਾਇਆ। ਜਥੇਦਾਰ ਜੀ ਨੇ 'ਨਾਮ ਦੀ ਮਹਿਮਾ' ਤੇ ਵਿਸ਼ੇ ਤੇ ਦਿਵਾਨ ਸਜਾਏ। ਦਿਵਾਨ ਤੋਂ ਪ੍ਰਭਾਵਿਤ ਹੋ ਕੇ 12 ਸਰੀਰਾਂ ਨੇ ਭਜਨ ਲਿਆ। ਨੌਜਵਾਨਾਂ ਨੇ ਮਰਯਾਦਾ ਵਿਚ ਰਹਿਣ ਦਾ ਪੱਣ ਕੀਤਾ। ਆਈ ਸੰਗਤ ਦੀ ਜਲ ਪਾਣੀ ਛਕਾ ਕੇ ਸੇਵਾ ਕੀਤੀ ਗਈ।

**–ਮਨਜੀਤ ਸਿੰਘ ਚੁੰਨੀ ਖੁਰਦ**

# ਸਿੰਘਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ਼

**ਕਰਤਾ : ਸੰਤ ਕਾਲਾ ਸਿੰਘ, ਸੰਪਾਦਕ : ਦੇਵਿੰਦਰ ਸਿੰਘ ਗਿੱਲ ਜੀਆ ਨੱਥਾ**

## ਗੁਰੂ ਜੀ ਨੇ ਸ੍ਰੀ ਅੰਮ੍ਰਿਤਸਰ ਜੀ ਦਰਸਨ ਕਰਨ ਜਾਣਾ

**ਜਥਾ ਜੋਗ ਲੈ ਲਵੋ ਤਨਖਾਹਿ ਸਾਤੋ ਵਾਂਗ ਸਪ ਦੇ ਵਲ ਕਿਉਂ ਪਾਨ ਲਗੇ।**
**ਏਸੇ ਤੌਰ ਤਕਰਾਰ ਕਰਾਰ ਹੋਏ ਰੌਲਾ ਬਹੁਤ ਪੁਜਾਰੀ ਬਧਾਨ ਲਗੇ।**
**ਗੁਰ ਦੁਵਾਰੇ ਦੇ ਅਗੇ ਅਰਦਾਸ ਕਰਕੇ ਸਿੰਘ ਆਪ ਪਰਸਾਦਿ ਬਰਤਾਨ ਲਗੇ।**
**ਪੜਦੇ ਸ਼ਬਦ ਪਰਕੰਮਿਆਂ ਲਈ ਸਿੰਘਾਂ ਝੱਟ ਵਿਚ ਡੇਰੇ ਗੁਰੂ ਆਨ ਲਗੇ।**
**ਨੌਵੇਂ ਗੁਰੂ ਜੀ ਆਪ ਸਰਾਫ ਦਿਤਾ ਫੁਲ ਟੁੱਟਿਆ ਨਾਂ ਡਾਲੀ ਆਨ ਲਗੇ।**
**ਕਾਲਾ ਸਿੰਘ ਪ੍ਰਸੰਗ ਏਹ ਭਿਆ ਪੂਰਾ ਗੁਰੂ ਮਾਘੀ ਨੂੰ ਮੁਕਤਸਰ ਜਾਨ ਲਗੇ।**

**(ਚਲਦਾ)**

# ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦਾ ਦੌਰਾ ਇਲਾਕਾ ਸ੍ਰੀ ਜੀਵਨ ਨਗਰ

ਸ੍ਰੀ ਸਤਿਗੁਰੂ ਉਦੈ ਸਿਘ ਜੀ ਇਲਾਕਾ ਸ੍ਰੀ ਜੀਵਨ ਨਗਰ ਦੀ ਸਾਧ ਸੰਗਤ ਨੂੰ ਹਮੇਸ਼ਾਂ ਇਹ ਮਾਣ ਬਖਸ਼ਦੇ ਹਨ ਕਿ ਇਲਾਕਾ ਨਿਵਾਸੀ ਸਾਧ ਸੰਗਤ ਦੀ ਅਰਜ਼ ਪ੍ਰਵਾਨ ਕਰਕੇ ਆਪਣੇ ਰੁਝੇਵਿਆਂ ਵਿਚੋਂ ਸਮਾਂ ਕੱਢ ਕੇ ਸੰਗਤ ਨੂੰ ਜਾ ਨਿਵਾਜਦੇ ਹਨ। ਸ੍ਰੀ ਸਤਿਗੁਰੂ ਜੀ ਆਪਣੇ ਮਿਥੇ ਹੋਏ ਪ੍ਰੋਗਰਾਮ ਦੇ ਮੁਤਾਬਿਕ 12 ਮਈ 2015 ਦਿਨ ਮੰਗਲਵਾਰ 29 ਵੈਸਾਖ 2072 ਨੂੰ ਸਵੇਰੇ 8 ਵਜਕੇ 20 ਮਿੰਟ ਤੇ ਸ੍ਰੀ ਭੈਣੀ ਸਾਹਿਬ ਤੋਂ ਚਲਕੇ ਅਪੋਲੋ ਹਸਪਤਾਲ ਲੁਧਿਆਣਾ ਵਿਖੇ ਦਰਸ਼ਨ ਦੇਣ ਉਪਰੰਤ ਇਲਾਕਾ ਸ੍ਰੀ ਜੀਵਨ ਨਗਰ ਲਈ ਚਾਲੇ ਪਾਏ। ਬਾਅਦ ਦੁਪਹਿਰ ਤਕਰੀਬਨ 1.25 ਤੇ ਸੰਤ ਨਗਰ ਵਿਖੇ ਵੰਡੇ ਮੰਦਰ ਵਿਚ ਹੋ ਰਹੇ ਸਮਾਗਮ ਵਿਚ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸਟੇਜ ਤੇ ਜਥੇਦਾਰ ਗੁਰਲਾਲ ਸਿੰਘ ਸ੍ਰੀ ਭੈਣੀ ਸਾਹਿਬ ਆਪਣੇ ਜਥੇ ਸਮੇਤ ਹਲੇ ਦਾ ਦਿਵਾਨ ਲਾ ਰਹੇ ਸਨ। ਸੰਤ ਨਗਰ ਦੀ ਸਾਧ ਸੰਗਤ ਵਲੋਂ ਅੱਜ ਦਾ ਮੇਲਾ ਆਪਣੇ ਪੂਰਵ ਸੰਤਾਂ ਦੀ ਯਾਦ ਵਿਚ ਸੀ। ਜਿਹਨਾਂ ਵਿਚ ਸੰਤ ਆਲਾ ਸਿੰਘ ਅਤੇ ਗੁਲਾਬ ਸਿੰਘ ਦਾ ਨਾਮ ਵਿਸ਼ੇਸ਼ ਜ਼ਿਕਰਯੋਗ ਹੈ। ਦਿਵਾਨ ਸਮਾਪਤੀ ਉਪਰੰਤ 5 ਸਧਾਰਨ ਪਾਠਾਂ ਦੇ ਭੋਗ ਪਾਏ ਗਏ ਅਤੇ ਪ੍ਰਸਿੱਧ ਵਿਦਵਾਨ ਕਨਵਰ ਅਜੀਤ ਪ੍ਰਤਾਪ ਸਿੰਘ ਸੋਨੀਪਤ ਦੀ ਕਿਤਾਬ ਹਿੰਦੀ ਤੋਂ ਉਰਦੂ ਸ੍ਰੀ ਸਤਿਗੁਰੂ ਜੀ ਨੂੰ ਭੇਟ ਕੀਤੀ ਗਈ।

ਪ੍ਰੋਗਰਾਮ ਸਮਾਪਤੀ ਤੋਂ ਬਾਅਦ ਸ੍ਰੀ ਸਤਿਗੁਰੂ ਜੀ ਨੇ ਮਾਸਟਰ ਮਨਸਾ ਸਿੰਘ ਦੇ ਗ੍ਰਹਿ ਵਿਖੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਇਥੋਂ ਹੀ ਅੰਮ੍ਰਿਤਸਰੀਆਂ ਖੂਹ ਤੇ ਸੰਤ ਬਲਵੰਤ ਸਿੰਘ ਦੇ ਮਕਾਨ ਦੀ ਨੀਂਹ ਰੱਖ ਕੇ ਸ੍ਰੀ ਸਤਿਗੁਰੂ ਜੀ ਮਸਤਾਨਗੜ੍ਹ ਪਹੁੰਚ ਕੁਝ ਆਰਾਮ ਕੀਤਾ। ਮਸਤਾਨਗੜ੍ਹ ਤੋਂ ਚਲਕੇ ਕ੍ਰਿਪਾਲ ਪੱਟੀ ਸ. ਬਲਦੇਵ ਸਿੰਘ ਦੇ ਘਰ ਦਰਸ਼ਨ ਦੇਣ ਉਪਰੰਤ ਪ੍ਰਤਾਪ ਨਗਰ ਸੰਤ ਆਸਾ ਸਿੰਘ ਦੇ ਚੜਾਈ ਕਰਨ ਤੇ ਪਰਿਵਾਰ ਨੂੰ ਦਰਸ਼ਨ ਦੇਣ ਦੀ ਕਿਰਪਾ ਕੀਤੀ ਅਤੇ ਇਥੇ ਹੀ ਸ. ਕ੍ਰਿਪਾਲ ਸਿੰਘ ਕਾਲਾ ਜੋ ਸ੍ਰੀ ਸਤਿਗੁਰੂ ਜੀ ਦੀ ਸਕਿਓਰਟੀ ਦੀ ਡਿਊਟੀ ਕਰਦਾ ਹੈ ਉਸਦੇ ਘਰ ਚਰਨ ਪਾਉਣ ਦੀ ਕਿਰਪਾ ਕੀਤੀ। ਵਾਪਸੀ ਸਮੇਂ ਸ੍ਰੀ ਸਤਿਗੁਰੂ ਜੀ ਨੇ ਨਾਲੀ ਤੇ ਸੰਤ ਰਤਨ ਸਿੰਘ ਬਾਜਵਾ ਛਾਂਗੀਵਾਲੇ ਦੇ ਘਰ ਦਰਸ਼ਨ ਦੇ ਉਸਦੀ ਸਿਹਤ ਦਾ ਹਾਲ ਚਾਲ ਪੁਛਿਆ ਅਤੇ ਕ੍ਰਿਪਾ ਕੀਤੀ। ਵਾਪਸ ਮਸਤਾਨਗੜ੍ਹ ਆਣ ਕਾਫੀ ਹਨੇਰਾ ਹੋਣ ਤਕ ਸਾਧ ਸੰਗਤ ਦੀਆਂ ਅਰਜ਼ ਬੇਨਤੀਆਂ ਸੁਣੀਆਂ ਅਤੇ ਇਥੇ ਰਾਤ ਵਿਸ਼ਰਾਮ ਕੀਤਾ।

ਮਿਤੀ 13 ਮਈ 2015 ਮੁਤਾਬਿਕ 30 ਵੈਸਾਖ 2072 ਈ. ਦਿਨ ਬੁੱਧਵਾਰ ਸੇਵਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਡਾ. ਜਸਵੀਰ ਸਿੰਘ ਮਮੇਰਾ ਦੇ ਗ੍ਰਹਿ ਵਿਖੇ ਹੋ ਰਿਹਾ ਸੀ ਅਤੇ ਇਥੇ ਹੀ ਅਖੰਡ ਪਾਠ ਦਾ ਭੋਗ ਡਾ. ਜਸਵੀਰ ਸਿੰਘ ਦੇ ਗ੍ਰਹਿ ਵਿਖੇ ਸੀ। ਆਸਾ ਦੀ ਵਾਰ ਦੇ ਭੋਗ ਉਪਰੰਤ ਅਖੰਡ ਪਾਠ ਦਾ ਭੋਗ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਪਾਇਆ ਗਿਆ। ਇਥੋਂ ਹੀ ਵਾਪਸੀ ਮਸਤਾਨਗੜ੍ਹ ਆਣ ਕੁਝ ਸਮਾਂ ਆਰਾਮ ਕੀਤਾ। ਮਸਤਾਨਗੜ੍ਹ ਡੇਰੇ ਦੇ ਨਾਲ ਹੀ ਸ੍ਰੀ ਸਤਿਗੁਰੂ ਜੀ ਨੇ ਸੰਤ ਦਿਆਲ ਸਿੰਘ ਨੂੰ ਉਹਨਾਂ ਦੇ ਘਰ ਦਰਸ਼ਨ ਦੇਣ ਦੀ ਕਿਰਪਾ ਕੀਤੀ ਇਸ ਸਮੇਂ ਸੰਤ ਜਗਤਾਰ ਸਿੰਘ ਸ੍ਰੀ ਸਤਿਗੁਰੂ ਜੀ ਦੇ ਨਾਲ ਹਾਜ਼ਰ ਸਨ। ਦੁਪਹਿਰ 12.45 ਤੇ ਅਮਰਾਸਰ ਸੰਤ ਅਰੂੜ ਸਿੰਘ ਦੇ ਭੋਗ ਸਮਾਗਮ ਤੇ ਦਰਸ਼ਨ ਦਿੱਤੇ। ਦਿਵਾਨ ਜਥੇਦਾਰ ਸੰਤੋਖ ਸਿੰਘ ਅਮਰਾਸਰ ਨੇ ਲਾਇਆ ਅਤੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਸੰਤ ਅਰੂੜ ਸਿੰਘ ਨਮਿਤ 1 ਪਾਠ ਦਾ ਭੋਗ ਪਾਉਣ ਉਪਰੰਤ ਸੰਤ ਅਰੂੜ ਸਿੰਘ ਦੇ ਪੁੱਤਰ ਹਰਦੇਵ ਸਿੰਘ ਨੂੰ ਸ੍ਰੀ ਸਤਿਗੁਰੂ ਜੀ ਨੇ ਦਸਤਾਰ ਸਜਾਉਣ ਦੀ ਕਿਰਪਾ ਕੀਤੀ। ਇਥੋਂ ਹੀ ਪਿੰਡ ਮਿਰਜਾਪੁਰ ਵਿਖੇ ਸੰਤ ਜੋਗਾ ਸਿੰਘ ਛਾਗੀਵਾਲਾ ਦੀ ਧਰਮ ਪਤਨੀ ਬੀਬੀ ਸਵਰਨ ਕੌਰ ਨਮਿਤ ਭੋਗ ਤੇ ਦਰਸ਼ਨ ਦੇਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਭੋਗ ਸਮੇਂ ਕਵੀਸਰ ਪੰਜਾਬ ਸਿੰਘ ਦੇ ਜਥੇ ਨੇ ਦਿਵਾਨ ਸਜਾਇਆ। ਭੋਗ ਉਪਰੰਤ ਕਾਮਰੇਡ ਸਵਰਨ ਸਿੰਘ ਵਿਰਕ ਨੇ ਆਪਣੇ ਵਿਚਾਰ ਰਖੇ ਅਤੇ ਪਰਿਵਾਰ ਦੀ ਵਿਸਥਾਰ ਸਹਿਤ ਜਾਣਕਾਰੀ ਸਾਧ ਸੰਗਤ ਨਾਲ ਸਾਂਝੀ ਕੀਤੀ। ਮਿਰਜਾਪੁਰ ਵਿਖੇ ਹੀ ਸੰਤ ਸੁਖਦੇਵ ਸਿੰਘ ਪਨਿਹਾਰੀ ਵਾਲਿਆਂ ਦੇ ਘਰ ਚਰਨ ਪਾਕੇ ਅਮਰਾਸਰ ਸੰਤ ਪੂਰਨ ਸਿੰਘ ਰਾਨੀਆਂ ਵਾਲਿਆਂ ਦੇ ਘਰ,ਸੰਤ ਦਰਸ਼ਨ ਸਿੰਘ ਚੱਕ ਬੁਢੀਮਾੜੀ, ਹਾਰਨੀਆਂ ਸੰਤ ਦਲਬੀਰ ਸਿੰਘ, ਧਰਮਪੁਰਾ ਸੰਤ ਰਘਬੀਰ ਸਿੰਘ, ਕਰੀਵਾਲ ਬਲਦੇਵ ਸਿੰਘ ਬਾਜਵਾ, ਦਮਦਮਾ ਦਰਸ਼ਨ ਸਿੰਘ, ਸ਼ੇਰ ਸਿੰਘ ਪੁੱਤਰ ਸੰਤ ਰਿਖੀ ਸਿੰਘ, ਸੰਤ ਨਗਰ ਹਰਭੇਜ ਸਿੰਘ ਢੋਟੀਆਂ ਵਾਲੇ ਦੇ ਘਰਾਂ ਵਿਚ ਚਰਨ ਪਾਉਣ ਉਪਰੰਤ ਗੁਰੂ ਹਰੀ ਸਿੰਘ ਕਾਲਜ ਵਿਖੇ ਹਾਕੀ ਨਰਸਰੀ ਦੇ ਛੋਟੇ ਬੱਚਿਆਂ ਨੂੰ ਦਰਸ਼ਨ ਦੇਣ ਉਪਰੰਤ ਹਾਕੀ ਮੈਦਾਨ ਦੀ ਤਿਆਰ ਹੋ ਰਹੀ ਐਸਟ੍ਰੋਟ੍ਰਫ ਨੂੰ ਦੇਖਣ ਦੀ ਕਿਰਪਾ ਕੀਤੀ। ਸ਼ਾਮ ਨੂੰ ਰਾਨੀਆਂ ਮਾਸਟਰ ਸੰਪੂਰਨ ਸਿੰਘ ਨੂੰ ਦਰਸ਼ਨ ਦੇ ਕੇ ਉਹਨਾਂ ਦੀ ਸਿਹਤ ਦਾ ਹਾਲ ਚਾਲ ਪੁਛਿਆ ਅਤੇ ਰਾਤ ਮਸਤਾਨਗੜ੍ਹ ਪਹੁੰਚ ਕੇ ਵਿਸ਼ਰਾਮ ਕੀਤਾ।

ਮਿਤੀ 14 ਮਈ 2015 ਮੁਤਾਬਿਕ 2072 ਦਿਨ ਵੀਰਵਾਰ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਪਿੰਡ ਕੁੱਤਾਵੱਡ ਮਾਸਟਰ ਵੀਰ ਸਿੰਘ ਦੇ ਗ੍ਰਹਿ ਵਿਖੇ ਸੀ, ਆਸਾ ਦੀ ਵਾਰ ਦਾ ਕੀਰਤਨ ਰਾਗੀ ਸੁਰਮੁਖ ਸਿੰਘ ਅਤੇ ਸ਼ਾਮ ਸਿੰਘ ਨੇ ਕੀਤਾ। ਵਾਰ ਦੀ ਸਮਾਪਤੀ ਸਮੇਂ ਹੀ ਪ੍ਰਸ਼ਾਦ ਪਾਣੀ ਛਕ ਕੇ ਸੰਤ ਸੁੱਚਾ ਸਿੰਘ, ਡਾ. ਸੁਖਚੈਨ ਸਿੰਘ, ਪਾਲ ਸਿੰਘ, ਦਿਲਬਾਗ ਸਿੰਘ ਅਤੇ ਸੰਤ ਅਮਰੀਕ ਸਿੰਘ ਦੇ ਘਰਾਂ ਵਿਚ ਚਰਨ ਪਾਉਣ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਪਿੰਡ ਮੱਲਾਕੇ ਸੰਤ ਚੰਨਣ ਸਿੰਘ ਦੇ ਘਰ ਚਰਨ ਪਾਉਣ ਦੀ ਕਿਰਪਾ ਕੀਤੀ। ਸਿਰਸਾ ਸ਼ਹਿਰ ਵਿਚ ਸੰਤ ਰਨਬੀਰ ਸਿੰਘ ਅਤੇ ਪਲਵਿੰਦਰ ਸਿੰਘ ਦੀ ਦੁਕਾਨ ਤੇ ਚਰਨ ਪਾ ਸੰਤ ਸੁਰਿੰਦਰ ਸਿੰਘ ਬਾਜਵਾ ਦੀ ਪਤਨੀ ਜੋਰਿੰਦਰ ਕੌਰ ਦੇ ਚੜਾਈ ਕਰ ਜਾਣ ਤੇ ਪਰਿਵਾਰ ਨੂੰ ਦਰਸ਼ਨ ਦੇਣ ਦੀ ਕਿਰਪਾ ਕੀਤੀ। ਇਥੇ ਹੀ ਮਿਸਤਰੀ ਬਲਵਿੰਦਰ ਸਿੰਘ, ਦੀਦਾਰ ਸਿੰਘ ਦੇ ਘਰ ਚਰਨ ਪਾਉਣ ਉਪਰੰਤ ਸ੍ਰੀ ਸਤਿਗੁਰੂ ਜੀ ਆਪਣੇ ਸਿਖਾਂ ਸੇਵਕਾਂ ਸਹਿਤ ਦਿੱਲੀ ਦੀ ਸਾਧ ਸੰਗਤ ਨੂੰ ਦਰਸ਼ਨ ਦਿਦਾਰ ਦੇਣ ਲਈ ਰਵਾਨਾ ਹੋ ਗਏ।

**ਸੂਬਾ ਬਲਵਿੰਦਰ ਸਿੰਘ ਝੱਲ**

# ਪ੍ਰਵਚਨ
# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

## ਦਸਵੰਧ ਜ਼ਰੂਰ ਕਢਿਆ ਕਰੋ

*ਆਪਣੀ ਕਮਾਈ ਵਿਚੋਂ ਦਸਵੰਧ ਜ਼ਰੂਰ ਕੱਢਿਆ ਕਰੋ। ਕਈ ਵੇਰਾਂ ਮਨ ਨਹੀਂ ਕਰਦਾ ਦਸਵੰਧ ਦੇਣ ਨੂੰ। ਅਸੀਂ ਵੇਖਦੇ ਹਾਂ ਬੜੇ ਬੜੇ ਪੈਸਿਆਂ ਵਾਲੇ ਜਿਹੜੇ ਦਸਵੰਧ ਨਹੀਂ ਕੱਢਦੇ ਉਹਨਾਂ ਦਾ ਕੀ ਹਾਲ ਹੁੰਦੈ? ਸੋ ਦਸਵੰਧ ਕੱਢਿਆ ਕਰੋ। ਜਿਹੜਾ ਪੈਸਾ ਏਧਰ ਲਗਣੈ ਉਹ ਕਿਸੇ ਚੰਗੇ ਕੰਮ ਆਏਗਾ। ਨਾ ਉਹ ਸਿਨਮੇ ਵਿਚ ਲਗ ਸਕੇਗਾ ਤੇ ਨਾ ਹੋਰ ਮਾੜੇ ਪਾਸੇ ਜਾ ਕੇ ਲਗ ਸਕਦੈ।*

❖❖❖



## ਬੱਚਿਆਂ ਨੂੰ ਨਾਮ ਸਿਮਰਨ ਦੀ ਜਾਚ ਦਸੋ

*ਆਪੋ ਆਪਣੇ ਘਰਾਂ ਵਿਚ ਬੈਠ ਕੇ ਬੱਚਿਆਂ ਨੂੰ ਨਾਲ ਬਿਠਾ ਕੇ ਨਾਮ ਸਿਮਰਨ ਕਰਿਆ ਕਰੋ। ਜਿਵੇਂ ਰੋਟੀ ਖਾਣ ਦੀ ਜਾਚ ਦੱਸਦੇ ਹੋ, ਕੱਪੜੇ ਪਾਣ ਦੀ ਜਾਚ ਦੱਸਦੇ ਹੋ, ਜਿਵੇਂ ਸਕੂਲੇ ਜਾਣ ਦੀ ਜਾਚ ਦੱਸਦੇ ਹੋ-ਨਾਮ ਸਿਮਰਨ ਕਰਨ ਦੀ ਜਾਚ ਵੀ ਬੱਚਿਆਂ ਨੂੰ ਦੱਸਿਆ ਕਰੋ।*

❖❖❖

# ਗੁਰ-ਉਪਦੇਸ਼
# ਸ੍ਰੀ ਸਤਿਗੁਰੂ ਉਦੈ ਸਿੰਘ ਜੀ

## ਸਤਿਗੁਰੂ ਜੀ ਦੀ ਸਿਖੀ ਕਾਇਮ ਹੈ



***ਪਰਮ ਪੂਜਯ ਮਾਤਾ (ਚੰਦ ਕੌਰ) ਜੀ ਅਤੇ ਸਤਿਕਾਰਯੋਗ ਸਾਧ ਸੰਗਤ ਜੀ, ਪਿਛਲੇ 2-3 ਦਿਨ ਤੋਂ ਤੁਹਾਡੇ (ਆਸਟ੍ਰੇਲੀਆ ਵਿਖੇ) ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਜਿਸ ਮਾਲਕ (ਸਤਿਗੁਰੂ ਜਗਜੀਤ ਸਿੰਘ ਜੀ) ਦੀ ਇਹ ਫੁਲਵਾੜੀ ਹੈ, ਤੁਹਾਡੇ ਦਰਸ਼ਨਾਂ ਵਿਚੋਂ ਉਸ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੀ ਖੁਸ਼ਬੋ ਆਉਂਦੀ ਹੈ। ਤੁਹਾਡੇ ਵਿਚੋਂ ਕੁਝ ਸੱਜਣ ਜੋ ਮੇਰੀ ਉਮਰ ਦੇ ਨੇ ਜਿਹਨਾਂ ਨੇ ਬਹੁਤ ਨੇੜੇ ਹੋ ਕੇ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੇ ਦਰਸ਼ਨ ਕੀਤੇ ਨੇ ਅਤੇ ਤੁਸੀਂ ਇਹ ਵੀ ਮਹਿਸੂਸ ਕੀਤਾ ਏ ਕਿ ਉਨ੍ਹਾਂ ਸੱਚੇ ਪਾਤਸ਼ਾਹ ਨੇ ਸਿੱਖੀ ਸਾਨੂੰ ਦ੍ਰਿੜਾਈ ਹੈ। ਸਤਿਗੁਰੂ ਜੀ ਦੀ ਬਖਸ਼ਿਸ਼ ਸਦਕਾ ਬੱਚਿਆਂ ਵਿਚ ਸਿੱਖੀ ਵੇਖ ਕੇ ਖੁਸ਼ੀ ਹੁੰਦੀ ਹੈ ਅਤੇ ਨਾਲ ਹੀ ਜਦੋਂ ਆਰਥਿਕ ਤੌਰ ਤੇ ਤਰੱਕੀ ਵੇਖਦੇ ਹਾਂ ਸਾਨੂੰ ਹੋਰ ਵੱਧ ਖੁਸ਼ੀ ਹੁੰਦੀ ਹੈ। ਮੈਂ ਅੱਜ ਵੀ ਕਹਾਂਗਾ ਕਿ ਏਥੇ ਸੰਗਤ ਵੇਖ ਕੇ ਅਤੇ ਸੰਗਤ ਦੀ ਖੁਸ਼ਹਾਲੀ ਵੇਖ ਕੇ ਸਤਿਗੁਰੂ ਸੱਚੇ ਪਾਤਸ਼ਾਹ ਸਾਨੂੰ ਬਹੁਤ ਖੁਸ਼ੀਆਂ ਦੇ ਰਹੇ ਹੋਣਗੇ। ਉਹ ਸਦਾ ਹੀ ਸਾਡੇ ਨਾਲ ਨੇ। ਆਉ ਇਕ ਵਾਰੀ ਬੜੇ ਪਿਆਰ ਨਾਲ ਉਹਨਾਂ ਨੂੰ ਯਾਦ ਕਰੀਏ ਆਖੀਏ ਧੰਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ।***

***ਮੈਂ ਸਮਝਦਾ ਹਾਂ ਕਿ ਅਸੀਂ ਜਿੰਨ੍ਹਾਂ ਨੇ ਦਰਸ਼ਨ ਕੀਤੇ ਨੇ ਬੱਚਿਆਂ ਨੂੰ ਇਹ ਦ੍ਰਿੜਾਉਂਦੇ ਰਹੀਏ ਤੇ ਅਸੀਂ ਦ੍ਰਿੜਾਇਆ ਵੀ ਏ ਤੇ ਇਹ ਸਿੱਖੀ ਇਨ੍ਹਾਂ ਦੀ ਤਾਂਈਂ ਕਾਇਮ ਏ, ਇਸ ਦੇਸ਼ ਵਿਚ ਇਥੇ ਆ ਕੇ ਮੈਂ ਵੀ ਸਮਝਦਾ ਹਾਂ ਕਿ ਦੁਨੀਆਂ ਹੋਰ ਵੀ ਜ਼ਿਆਦਾ ਮੈਟੀਰੀਅਲਸਟਿਕ ਏ ਵੈਸੇ ਤਾਂ ਅੱਜ ਹਰ ਜਗ੍ਹਾ ਹੀ ਹੋ ਰਹੀ ਏ ਤਾਂ ਉਥੇ ਰਹਿ ਕੇ ਵੀ ਜੋ ਤੁਸੀਂ ਸੇਵਾ ਕੀਤੀ ਏ ਤੁਸੀਂ ਆਪਣਾ ਟਾਈਮ ਦੇ ਕੇ ਇਥੇ ਪਿਆਰ ਨਾਲ ਆਏ ਹੋ ਤੇ ਇਹ ਸਿਰਫ ਤਾਂ ਸਿਰਫ ਸੱਚੇ ਪਾਤਸ਼ਾਹ ਜੀ ਦੀ ਕ੍ਰਿਪਾ ਹੈ।***

***ਪਰਥ, ਆਸਟ੍ਰੇਲੀਆ 7 ਜੁਲਾਈ 2015***

1920 में स्थापित सतिजुग

# श्री हरकिशन धियाइये, जिस डिठे सब दुख जाए

जीवन चर्या–

गुरू हर किशन साहिब जी का जन्म सावन वदी १० (८वां सावन) बिक्रम सम्वत १७१३ (७ जुलाई १६५६) को कीरतपुर साहिब में हुआ। वे गुरू हर राय साहिब जी एवं माता किशन कौर के दूसरे पुत्र थे। राम राय जी गुरू हरकिशन साहिब जी के बड़े भाई थे। रामराय जी को उनके गुरू घर विरोधी क्रियाकलापों एवं मुगल सलतनत के पक्ष में खड़े होने की वजह से सिख पंथ से निष्कासित कर दिया गया था।

गुरुपद प्राप्ति–

८ वर्ष की अल्प आयु में गुरू हर किशन साहिब जी को गुरुपद प्रदान किया गया। गुरु हर राय जी ने १६६१ में गुरु हरकिशन जी को अष्ठम गुरु के रूप में स्थापित किया। इस प्रकार से नाराज होकर राम राय जी ने औरंगजेब से इस बात की शिकायत की। इस बावत शाहजांह ने राम राय का पक्ष लेते हुए राजा जय सिंह को गुरू हर किशन जी को उनके समक्ष उपस्थित करने का आदेश दिया। राजा जय सिंह ने अपना संदेशवाहक कीरतपुर भेजकर गुरू को दिल्ली लाने का आदेश दिया। पहले तो गुरू साहिब ने अनिच्छा जाहिर की। परन्तु उनके गुरसिखों एवं राजा जय सिंह के बार–बार आग्रह करने पर वो दिल्ली जाने के लिए तैयार हो गये।

इसके बाद पंजाब के सभी सामाजिक समूहों ने आकर गुरू साहिब को विदायी दी। उन्होंने गुरू साहिब को अम्बाला के निकट पंजोखरा गांव तक छोड़ा। इस स्थान पर गुरू साहिब ने लोगों को अपने अपने घर वापिस जाने का आदेश दिया। गुरू साहिब अपने परिवारजनों व कुछ सिखों के साथ दिल्ली के लिए रवाना हुये। परन्तु इस स्थान को छोड़ने से पहले गुरू साहिब ने उस महान ईश्वर प्रदत्त शक्ति का परिचय दिया। लाल चन्द एक हिन्दू साहित्य का प्रखर विद्वान एव आध्यात्मिक पुरुष था जो इस बात से विचलित था कि एक बालक को गुरुपद कैसे दिया जा सकता है। उनके सामर्थ्य पर शंका करते हुए लालचंद ने गुरू साहिब को गीता के श्लोकों का अर्थ करने की चुनौती दी। गुरू साहिब जी ने चुनौती सवीकार की। लालचंद अपने साथ एक गूँगे बहरे निशक्त व अनपढ़ व्यक्ति छज्जु झीवर (पानी लाने का काम करने वाला) को लाया। गुरु जी ने छज्जु को सरोवर में सनान करवाकर बैठाया और उसके सिर पर अपनी छड़ी इंगित कर के उसके मुख से संपूर्ण गीता सार सुनाकर लाल चन्द को हतप्रभ कर दिया। इस स्थान पर आज के समय में एक भव्य गुरुद्वारा सुशोभित है जिसके बारे में लोकमान्यता है कि यहाँ स्नान करके शारीरिक व मानसिक व्याधियों से छुटकारा मिलता है। इसके पश्चात लाल चन्द ने सिख धर्म को अपनाया एवं गुरू साहिब को कुरुक्षेत्र तक छोड़ा। जब गुरू साहिब दिल्ली पहुंचे तो राजा जय सिंह एवं दिल्ली में रहने वाले सिखों ने उनका बड़े ही गर्मजोशी से स्वागत किया। गुरू साहिब को राजा जय सिंह के महल में ठहराया गया। सभी धर्म के लोगों का महल में गुरू साहिब के दर्शन के लिए तांता लग गया।

जीवन के प्रसंग

एक बार राजा जयसिंह ने बहुत सी औरतों को, जो कि एक समान सजी संवरी थी, गुरु साहिब के सामने उपस्थित किया और कहा कि वे असली रानी को पहचाने। गुरू साहिब एक महिला, जो कि नौकरानी की वेशभूषा में थी, की गोद में जाकर बैठ गये। यह महिला ही असली रानी थी। इसके अलावा भी सिख इतिहास में उनकी बौद्धिक क्षमता को लेकर बहुत सी साखियाँ प्रचलित है।

बहुत ही कम समय में गुरू हर किशन साहिब जी ने सामान्य जनता के साथ अपने मित्रतापूर्ण व्यवहार से राजधानी में लोगों से लोकप्रियता हासिल की। इसी दौरान दिल्ली में हैजा और छोटी माता जैसी बीमारियों का प्रकोप महामारी लेकर आया। मुगल राज जनता के प्रति असंवेदनशील थी। जात पात एवं ऊंच नीच को दरकिनार करते हुए गुरु साहिब ने सभी भारतीय जनों की सेवा का अभियान चलाया। खासकर दिल्ली में रहने वाले मुस्लिम उनकी इस मानवता की सेवा से बहुत प्रभावित हुए एवं वो उन्हें बाला पीर कहकर पुकारने लगे। जनभावना एवं परिस्थितियों को देखते हुए औरंगजेब भी उन्हें नहीं छेड़ सका। परन्तु साथ ही साथ औरंगजेब ने राम राय को शह भी देकर रखी, ताकि सामाजिक मतभेद उजागर हों।

दिन रात महामारी से ग्रस्त लोगों की सेवा करते करते गुरू साहिब अपने आप भी तेज ज्वर से पीड़ित हो गये। छोटी माता के अचानक प्रकोप ने उन्हें कई दिनों तक बिस्तर से बांध दिया। जब उनकी हालत कुछ ज्यादा ही गंभीर हो गयी तो उन्होने अपनी माता को अपने पास बुलाया और कहा कि उनका अन्त अब निकट है। जब उन्हें अपने उत्तराधिकारी को नाम लेने के लिए कहा, तो उन्हें केवल बाबा बकाला का नाम लिया। यह शब्द केवल भविष्य गुरू, गुरु तेगबहादुर साहिब, जो कि पंजाब में ब्यास नदी के किनारे स्थित बकाला गांव में रह रहे थे, के लिए प्रयोग हुआ था।

अपने अन्त समय में गुरू साहिब ने सभी लोगों को निर्देश दिया कि कोई भी उनकी मृत्यू पर रोयेगा नहीं। बल्कि गुरूबाणी में लिखे शबदों को गायेंगे। इस प्रकार बाला पीर चौत सूदी १४ (तीसरा वैसाख) बिक्रम सम्वत १७२१ (३० मार्च १६६४) को धीरे से वाहेगुरू शबद् का उच्चारण करते हुए ज्योतिजोत समा गये। गुरू गोविन्द साहिब जी ने अपनी श्रद्धाजंलि देते हुए अरदास में दर्ज किया कि

*श्री हरकिशन धियाइये,*
*जिस डिठे सब दुख जाए।*

दिल्ली में जिस आवास में वो रहे, वहां एक ऐतिहासिक गुरुद्वारा श्री बंगला साहिब है। ■

# ਸ੍ਰੀ ਰਾਮ ਚਰਿਤ ਮਾਨਸ (ਰਾਮਾਇਣ)

ਪੰਜਾਬੀ ਅਨੁਵਾਦਕ

(ਪਿਛੋਂ ਤੋਂ ਅਗੇਂ)

✍ ਮਾਸਟਰ ਅਮਰੀਕ ਸਿੰਘ

## ਆਸ਼ਰਮ ਵਿਚ ਸ੍ਰੀ ਰਾਮ ਦੀ ਕਥਾ ਸੁਨਾਈ ਕਲਯ ਯਾਦਵ ਨੇ

ਹੇ ਰਾਜਨ ਕੀ ਨਾਮ ਤੁਹਾਡਾ ਕਿਸ ਕਾਰਨ ਹੋ ਆਏ,
ਜੀਵਾਂ ਨੂੰ ਕਿਉਂ ਦੁੱਖ ਦੇਂਦੇ ਹੋ ਕੱਲੇ ਕਿਉਂ ਪਠਾਏ।
ਜੇ ਮੈਂ ਭੁੱਲਦਾ ਨਹੀਂ ਤਾਂ ਤੁਸੀਂ ਹੋ ਚਕਰਵਰਤੀ ਰਾਜੇ,
ਜੰਗਲ ਵਿਚ ਕਿਉਂ ਫਿਰੋਂ ਇਕੱਲੇ ਨਾਲ ਨ ਵਾਜੇ ਗਾਜੇ।

ਭਾਨੂੰ ਰਾਜੇ ਕਿਹਾ ਮੁਨੀ ਜੀ ਮੈਂ ਹਾਂ ਮੰਤਰੀ ਉਸਦਾ,
ਰਸਤਾ ਆਪਣਾ ਭੁਲ ਗਿਆ ਹਾਂ, ਤਾਂਹੀ ਫਿਰਦਾ ਲੁਕਦਾ।
ਤਾਂ ਫਿਰ ਭਲਾ ਹੋਏਗਾ ਮੇਰਾ ਬੋਲਿਆ ਮੁਨੀ ਤਪੱਸਵੀ,
ਤੁਸਾਂ ਦਾ ਰਾਜ ਤਾਂ ਬਹੁਤ ਦੂਰ ਹੈ ਤੁਸੀਂ ਹੋ ਬੜੇ ਤੇਜਸਵੀ।

ਚਕਰਵਰਤੀ ਤੁਸੀਂ ਹੋ ਰਾਜੇ ਧੰਨ ਭਾਗ ਨੇ ਮੇਰੇ,
ਕਿਥੇ ਜਾਉਗੇ ! ਰਹੋ ਇਥਾਂਈ ਏਥੇ ਹੀ ਲਾਉ ਡੇਰੇ।
ਬਚਨ ਬਿਲਾਸ ਬਥੇਰੇ ਹੋਏ, ਸੁਣ ਰਾਜਾ ਫਿਰ ਹੱਸਿਆ,
ਤੁਸੀਂ ਪ੍ਰਤਾਪ ਭਾਨੂੰ ਹੋ ਅਸਲੀ ਤੁਸਾਂ ਨਹੀਂ ਪਰ ਦੱਸਿਆ।

(ਚਲਦਾ)

# आजादी की लडाई की शुरुआत सद्गुरु राम सिंह जी ने की

(अंक 21 से आगे) ✍ **सुरजीत सिंह जोबन**

ऐसा बहिष्कार के कार्यक्रम की परिकल्पना केवल और केवल श्री सद्गुरु राम सिंह जी ही कर सकते थे। फांसी पाने वालों और तोपों से उड़ाए जाने वाले वीर पुरुष अनत समय तक अंग्रेजी शासन के कानून का बहिष्कार करते रहे। उन्होने अंग्रेजी अदालतों का, कानून का पूर्ण बहिष्कार किया।

इसके साथ साथ सद्गुरु राम सिंह जी ने राजनितिक दृष्टि का भी परिचय देते हुए कशमीर, हैदराबाद, नेपाल आदि से राजनितिक संबंधों की पहल की। ऐसे अद्भुत व महान कार्यक्रम के प्रति इतिहासकारों की अनदेखी क्या किसी साजिश का हिस्सा तो नहीं ?

ऐसे जन आन्दोलनों के प्रति आंखें मूंद लेना कहां की बुद्धिमता है ? देखा जाए तो इस भांति का एकतरफा इतिहास लेखन भावी पीढ़ियों के प्रति घोर अन्याय ही कहा जाएगा। कूका आन्दोलन के बहिष्कार, स्वदेशी, सत्याग्रह कार्यक्रमों को बाद में महात्मा गांधी ने अपनाकर बिटिश शासन से भारत को मुक्ति दिलाई।


महात्मा गांधी को अंहिसा और असहयोग कार्यक्रम का श्रेय देना भी कोई बुदिमता नहीं क्योंकि गाधी जी ने असहयोग के उसी कार्यक्रम को आगे बढ़ाया था जिसको सद्गुरु राम सिंह जी ने कूका आन्दोलन के दौरान शत प्रतिशत अमल में ला चुके थे। सद्गुरु जी ये सारे कार्यक्रम बहिष्कार, सत्याग्रह, स्वदेशी, अपनी भाषा, अंग्रेजी भाषा का विरोध महात्मा गांधी के जन्म से पूर्व ही कर चुके थे। तथ्यों के आधार पर यह कहा जा सकता है कि ब्रिटिश साम्रज्यवाद के विरुद्ध अंहिसक आन्दोलन का प्रारम्भ सद्गुरु राम सिंह जी ने किया था और इसी तथ्य को इतिहासकारों को स्वीकार कर लेना चाहिए।

एक बात अंग्रेजी शासन ने कर दी और वह थी सिखों के बीच में फूट का बीज बो दिया जो फिर कभी भर नहीं पाया आजादी की लडाई लडने वाले कूका सिखों को वफादार सिखों से अलग दिखाया गया। अभी तक ये अन्तर भर नहीं पाया और कूका व दुसरे सिखों की अवचार धारा में मेल नहीं हो पाया।

1857 की क्रांति के असफल होने के बाद सभी नेता व चिन्गारी दबा दी गई। परन्तु कूका आन्दोलन को सर्ममत पूर्वक दबाने के बाद, तोपों से उड़ाने के बाद भी सद्गुरु राम सिंह जी के निर्वासन के बाद भी ये चिंगारी पंजाब में बुझी नहीं और बराबर कार्यरत रहीं। ■

# SRI SATGURU JI IN CHICAGO

SATJUG
ESTABLISHED IN 1920






**Sadh Sangat from Toronto, New York and with Sarguru Uday Singh Ji in Chicago in photo above.**

In May 2015, Sri Satguru Uday Singh Ji arrived in Chicago (USA) to attend a funeral on short notice whilst He was visiting UK, to give their unconditional love and comfort to the Shri Gurmeet Singh Birdi's family. Satguruaa Uday Singh Ji' pious darshan enabled the Birdi family to overcome period of great sorrow and grief as their son Jehpreet Singh Birdi had left for his heavenly abode in his young age. Many members of Namdhari Sangat also travelled from all around America, Canada and India to stand with the family of Jehpreet Singh in this hour of grief and also to seek blessings of Satguru Uday Singh Ji. What was most captivating was the fact the Satguru Uday Singh Ji showered his love by travelling from Europe to North America in a short time of just 48-72 hours, which reminded us of how Satguru Jagjit Singh Ji would travel in the same manner to bless his Sikhs settled in all parts of the world. **-Balbir Singh (Bobby) Toronto**

# DR. A. P. J. ABDUL KALAM



Sri Satguru Uday Singh Ji described him as India's Missile Man-turned people's President. He was a driving force behind India's Space and Missile programmes. Sri Satguru Ji futher added Dr. Kalam's message were so attractive to the young precisely because they were simple and straight forward.

**Dr. A. P. J. Abdul Kalam** (15 October 1931 – 27 July 2015) was the 11th President of India from 2002 to 2007. A career scientist turned reluctant politician, Dr. Kalam was born and raised in Rameswaram, Tamil Nadu, and studied physics and aerospace engineering. He spent the next four decades as a scientist and science administrator, mainly at the Defence Research and Development Organisation (DRDO) and Indian Space Research Organisation (ISRO) and was intimately involved in India's civilian space program and military missile development efforts. He thus came to be known as the *Missile Man of India* for his work on the development of ballistic missile and launch vehicle technology. He also played a pivotal organizational, technical, and political role in India's *Pokhran-II* nuclear tests in 1998, the first since the original nuclear test by India in 1974.

Dr. Kalam was elected President of India in 2002 with the support of both the ruling Bharatiya Janata Party and the opposition Indian National Congress. After serving a term of five years, he returned to his civilian life of education, writing and public service. He was a recipient of several prestigious awards, including the most prestigious Bharat Ratna, India's highest civilian honour.

**-H. S. Hanspal**
**Ex.MP**

# NUMBER 108 IN HINDU MYTHOLOGY

## WHAT IS THE SIGNIFICANCE OF NUMBER 108 IN HINDU MYTHOLOGY?

**HARJINDER SINGH KAWAL**

As per Indian mythology, Indian culture has a very special significance of number 108. What this number represents, and why is it so important?

1) In one minute, we breathe in approximately 15 times, in 1 hour 900 times, and in 12 hours 10800 times, and in a day 10800 x 2 times. A day consists of 24 hours, and if we set aside half the day for our day to day routines, then one can spend 12 hours for recitation of one's idol. Therefore, the maximum number of times that one can recite "mantra", or perform "Jap" are 10800. If one wants to obtain 100% benefit of its Jap, then performing Jap 108 times will give you the benefit of 100%. That's why in a "Mala", there are 108 beads. It is written in Vedas, that 1 Jap corresponds to 1 mala (which has 108 beads), therefore performing Jap of 108 malas will result in 100% benefit.

2) Astronomically, there are 27 constellations in our galaxy, and each one of them has 4 directions, and 27 x 4 = 108, in other words the number 108 covers the whole galaxy.

3) According to Indian scriptures, letter 9 corresponds to Lord Brahma (the creator of universe). Mathematically, the interesting property of 9 is

9x1 = 9
9 x 2 = 18 (8+1 = 9)
9 x 3 = 27 (7+2 = 9)
9 x 12 = 108 (1+0+8 = 9)

4) In Hindu religion, number 9 is very important. Keeping in view the importance of number 9, Rishi Vyas has created 9 Purans, 108 Mahapuran (Upnishads). Mahabharat has 18 chapters, Geeta has 18 chapters, Bhagavat has 108000 Shloks (verses).

The addition of digits of number 108 is 9, and number 9 is related with Brahma, that's why 108 is very important, and came into lot of Indian scriptures.

5) Indian Vedas, treat the Sun as God, and Sun has 12 signs (Zodiac signs). In Yajurved, Sun is related with Lord Brahma (the number 9), remember - 12 x 9 = 108; therefore for Gods' Prayer, the number 108 is very sacred.

6) According to Indian mythology, there are 4 Yugs

Satyug - consists of 172,800 years (1+7+2+8 = 18 = (1+8 = 9)
TretaYug consists of 1296000 years (1+2+9+6 = 18 = (1+8 = 9)
DwaparYug consists of 864000 years (8+4+6) = 18 = (1+8 = 9)
Kaliyug consists of 432000 years (4+3+2) = 9

**Heart Chakra:** The chakras are the intersections of energy lines, and there are said to be a total of 108 energy lines converging to form the heart chakra. One of them, sushumna leads to the crown chakra, and is said to be the path to Self-realization.

**Sanskrit alphabet:** There are 54 letters in the Sanskrit alphabet. Each has masculine and feminine, shiva and shakti. 54 times 2 is 108.

**Pranayama:** If one is able to be so calm in meditation as to have only 108 breaths in a day, enlightenment will come.

**Upanishads:** Some say there are 108 Upanishads, texts of the wisdom of the ancient sages.

**Sri Yantra:** On the Sri Yantra there are marmas where three lines intersect, and there are 54 such intersections. Each intersections has masculine and feminine, shiva and shakti qualities. 54 times 2 equals 108. Thus, there are 108 points that define the Sri Yantra as well as the human body. The angle formed by two adjacent lines in a pentagon equals 108 degrees. ■


# ਸਤਿਗੁਰੂ ਜੀ ਦਾ ਆਸਟ੍ਰੇਲੀਆ ਦੌਰਾ...(ਬਾਕੀ ਸਫਾ 1 ਦੀ)



**ਸ੍ਰੀ ਸਤਿਗੁਰੂ ਜੀ ਪਰਥ ਵਿਖੇ 100 ਏਕੜ ਤੋਂ ਵਡੇ ਕਿੰਗਮ ਪਾਰਕ ਵਿਖੇ ਸਿਖਾਂ ਸੇਵਕਾਂ ਸਹਿਤ ਸੈਰ ਕਰਦੇ ਹੋਏ।**

5 ਜੁਲਾਈ ਦਿਨ ਐਤਵਾਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਾਨਸ਼ੀਨਾਂ ਚੋਂ ਪਰਥ ਸ਼ਹਿਰ ਨੂੰ ਭਾਗ ਲਾਉਣ ਲਈ ਪਹਿਲੇ ਗੁਰੂ ਸਤਿਗੁਰੂ ਉਦੈ ਸਿੰਘ ਜੀ ਨੇ ਆਪਣੇ ਸਿਖਾਂ ਸੇਵਕਾਂ ਸਹਿਤ ਤਕਰੀਬਨ ਦਿਨ ਦੇ 10 ਵਜੇ ਪਰਥ ਦੇ ਹਵਾਈ ਅਡੇ ਤੇ ਉਤਾਰਾ ਕੀਤਾ। ਅਜਕਲ ਦੇ ਸਥਾਨਕ ਮੌਸਮ ਵਿਚ ਹਲਕੀ ਠੰਡ ਪੈਂਦੀ ਹੈ। ਨਾਲ ਆਏ ਜਥੇ ਦਾ ਵੇਰਵਾ-ਸਤਿਗੁਰੂ ਜੀ, ਮਾਤਾ ਜੀ, ਬੀਬੀ ਜੀ, ਸੰਤ ਜਗਤਾਰ ਸਿੰਘ, ਸੰਤ ਸਤਿਨਾਮ ਸਿੰਘ ਪਨਿਹਾਰੀ, ਮਾਨਵਜੀਤ ਸਿੰਘ ਗਿਲ, ਸੰਤ ਸਤਨਾਮ ਸਿੰਘ ਸਸਰਾਲੀ, ਸੰਤ ਨਿਸ਼ਾਨ ਸਿੰਘ ਕਥਾ ਵਾਚਕ, ਗੁਰਮੁਖ ਸਿੰਘ ਰਹਿਬਰ, ਸੰਤ ਗੁਰੂਬਚਨ ਸਿੰਘ ਕਥਾਵਾਚਕ, ਸੰਤ ਜਸਮੀਤ ਸਿੰਘ, ਸ. ਜਗੋਮਹਨ ਸਿੰਘ, ਸੰਤ ਸਤਨਾਮ ਸਿੰਘ ਮੁਕਤਾ, ਸੰਤ ਜੇ. ਬੀ. ਸਿੰਘ, ਵਰਿਆਮ ਸਿੰਘ ਲਾਂਗਰੀ, ਮੰਗਲਜੀਤ ਸਿੰਘ, ਬੀਬੀ ਰਤਿੰਦਰ ਕੌਰ, ਕਾਕਾ ਮਨਜੀਤ ਸਿੰਘ, ਕਰਤਾਰ ਸਿੰਘ ਸੇਵਕ, ਕਰਨਪਾਲ ਸਿੰਘ, ਬੀਬੀ ਰਾਜ, ਬੀਬੀ ਸੀਤੋ, ਰਾਗੀ ਬਲਵੰਤ ਸਿੰਘ, ਹਰਪ੍ਰੀਤ ਸਿੰਘ, ਸਰਮੁਖ ਸਿੰਘ, ਸਾਧਾ ਸਿੰਘ ਮੰਡੀ, ਬੀਬੀ ਕਵਲਜੀਤ ਕੌਰ, ਗੁਰਮੁਖ ਸਿੰਘ ਡਰਾਈਵਰ, ਰੌਣਕ ਸਿੰਘ, ਮੈਲੈਂਦਰ ਸਿੰਘ, ਹਰਜੀ ਸਿੰਘ, ਹਰਪਾਲ ਸਿੰਘ, ਥਾਈਲੈਂਡ ਤੋਂ ਅਛਰਜੀਤ ਸਿੰਘ, ਸਵਰਾਜ ਕੌਰ, ਬੀਬੀ ਨੀਨਾ ਸੇਠੀ, ਗੁਰਸ਼ਰਨ ਸਿੰਘ ਗੁੱਛੀ ਇੰਗਲੈਂਡ ਤੋਂ।

ਪਰਥ ਹਵਾਈ ਅਡੇ ਤੇ ਸੂਬਾ ਸਤਨਾਮ ਸਿੰਘ ਦੀ ਅਗਵਾਈ ਵਿਚ ਪਰਥ ਅਤੇ ਮੈਲਬਰਾਨ ਤੋਂ ਉਚੇਚੇ ਆਏ ਕੁਝ ਸਜਣਾਂ ਨੇ ਸਤਿਗੁਰੂ ਜੀ ਅਤੇ ਮਾਤਾ ਜੀ ਦਾ ਫੁੱਲਾਂ ਨਾਲ ਸੁਆਗਤ ਕੀਤਾ। ਗਿਆਨੀ ਜੋਰਿੰਦਰ ਸਿੰਘ, ਰਣਬੀਰ ਸਿੰਘ ਯਮੁਨਾ ਨਗਰ ਦੋਵਾਂ ਦੇ ਲੜਕੇ ਮੈਲਬਾਰਨ ਵਿਚ ਨੇ ਉਚੇਚੇ ਤੌਰ ਤੇ ਪਰਥ ਪਹੁੰਚੇ ਸਨ। ਹਰਦੇਵ ਸਿੰਘ ਫੋਟੋਗ੍ਰਾਫਰ ਅਤੇ ਬੀਬੀ ਸਤਬੀਰ ਕੌਰ ਪਤੀ ਪਤਨੀ ਨੇ ਤਾਂ ਪੂਰੇ ਦੌਰੇ ਲਈ ਛੁਟੀ ਲੈ ਨਾਲ ਸੇਵਾ ਸੰਭਾਲੀ। ਇਹ ਉਹ ਜੋੜਾ ਹੈ ਜਿਸ ਦਾ ਆਸਟ੍ਰੇਲੀਆ ਵਿਖੇ ਮਰਯਾਦਾ ਅਨੁਸਾਰ ਪਹਿਲਾ ਆਨੰਦ ਕਾਰਜ ਹੋਇਆ ਸੀ। ਜਿਸ ਦੀ ਵਿਉਂਤਬੰਦੀ ਸੂਬਾ ਸਤਨਾਮ ਸਿੰਘ ਨੇ ਮੈਲਬਾਰਨ ਦੇ ਨੌਜਵਾਨਾਂ ਨਾਲ ਮਿਲ ਕੇ ਕੀਤੀ ਸੀ। ਅਮਰੀਕਾ ਅਤੇ ਇੰਗਲੈਂਡ ਵਿਚ ਵਸਦੇ ਦੋ ਭਰਾ ਹੋਰ ਉਚੇਚੇ ਦੌਰੇ ਵਿਚ ਸ਼ਾਮਿਲ ਹੋਣ ਪਰਥ ਪਹੁੰਚੇ ਸਨ। ਪਿਛੋਂ ਆਏ ਪੰਜਾਬ ਦੇ ਗੁਰਿੰਦਰ ਸਿੰਘ ਅਤੇ ਜੋਰਿੰਦਰ ਸਿੰਘ ਅਤੇ ਹੋਰ।



**ਸੰਤ ਗੁਰਮੁਖ ਸਿੰਘ ਰਹਿਬਰ ਵਿਦਿਅਕ ਜਥੇ ਦੇ 50 ਸਾਲ ਪੂਰੇ ਹੋਣ ਤੇ ਨੌਜਵਾਨਾਂ ਨੂੰ ਸੰਬੋਧਨ ਕਰਦੇ ਹੋਏ।**



**ਸ੍ਰੀ ਸਤਿਗੁਰੂ ਜੀ ਦਾ ਪਰਥ ਵਿਖੇ ਦਰਸ਼ਨ ਦੇਣ ਤੇ ਸਮੂਹ ਸੰਗਤ ਵਲੋਂ ਧੰਨਵਾਦ ਕਰਦੇ ਨੌਜਵਾਨ ਗੁਰਿੰਦਰ ਪਾਲ ਸਿੰਘ।**

**ਡੇਰਿਆਂ ਦਾ ਪ੍ਰਬੰਧ**-ਸ੍ਰੀ ਸਤਿਗੁਰੂ ਜੀ, ਮਾਤਾ ਜੀ, ਬੀਬੀ ਜੀ ਅਤੇ ਸੰਤ ਜਗਤਾਰ ਸਿੰਘ ਆਦਿ ਦੇ ਡੇਰੇ ਸੰਤ ਜਗਤਾਰ ਸਿੰਘ ਦੀ ਭਤੀਜੀ ਸ਼ਰਨ ਕੌਰ ਅਤੇ ਇਸਦੇ ਪਤੀ ਹੀਰਾ ਸਿੰਘ ਪੁੱਤਰ ਮਹਿੰਦਰ ਸਿੰਘ ਬਾਜੇਖਾਨੇ ਵਾਲੇ ਘਰ ਸੀ। ਇਸ ਦੇ ਨਾਲ ਲਗਦਾ ਘਰ ਬੀਬੀ ਸੀਤੋ ਅਤੇ ਕਰਨੈਲ ਸਿੰਘ ਦੇ ਪੁੱਤਰ ਸੰਤ ਗੁਰਦੇਵ ਸਿੰਘ ਦਾ ਸੀ। ਇਥੇ ਹੀ ਸਾਰੀ ਸੰਗਤ ਅਤੇ ਸਤਿਗੁਰੂ ਜੀ ਲਈ ਸੋਧ ਦਾ ਲੰਗਰ ਤਿਆਰ ਹੁੰਦਾ ਸੀ। ਬਾਕੀ ਆਈ ਸੰਗਤ ਦੇ ਡੇਰੇ ਇਥੋਂ ਦੇ ਵਸਦੇ ਨੌਜਵਾਨਾਂ ਦੇ ਘਰਾਂ ਲਾਏ ਗਏ। ਏਅਰਪੋਰਟ ਤੇ ਲਿਆਣ ਲਿਜਾਣ ਲਈ ਅਤੇ ਇਧਰ ਉਧਰ ਸੰਗਤਾਂ ਦੇ ਘੁੰਮਣ ਘੁਮਾਣ ਲਈ ਸਥਾਨਕ ਨੌਜਵਾਨਾਂ ਦੀਆਂ ਕਾਰਾਂ ਤੋਂ ਇਲਾਵਾ 3, 12 ਸੀਟਰ ਗਡੀਆਂ 3 ਦਿਨਾਂ ਲਈ ਕਿਰਾਏ ਤੇ ਕੀਤੀਆਂ ਗਈਆਂ। ਪ੍ਰੋਗਰਾਮ ਲਈ Wandi Community Hall ਤਕਰੀਬਨ 1500 ਆਸਟ੍ਰੇਲੀਅਨ ਡਾਲਰ ਦੀ ਰਾਸ਼ੀ ਦੇ ਕੇ ਬੁਕ ਕੀਤਾ ਗਿਆ। 250 ਗਿਣਤੀ ਦੇ ਸਮਾਵੇਸ਼ ਵਾਲੇ ਇਸ ਹਾਲ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਤਸਵੀਰਾਂ ਲਾ ਕੇ ਸਤਿਗੁਰੂ ਜੀ ਦੇ ਆਮਨ ਅਤੇ ਰਾਗੀਆਂ ਲਈ ਸਟੇਜ ਫੁਲਾਂ ਨਾਲ ਸ਼ਿੰਗਾਰਿਆ ਗਿਆ ਸੀ। ਸਵੇਰੇ ਸ਼ਾਮ ਪ੍ਰੋਗਰਾਮ ਉਪਰੰਤ ਇਸੇ ਹਾਲ ਵਿਚ ਸੋਧ ਰਹਿਤ ਸੰਗਤ ਦਾ ਲੰਗਰ ਵਰਤਦਾ। ਇਥੋਂ ਦੇ ਵਸਦੇ ਨੌਜਵਾਨਾਂ ਨੇ ਬਹੁਤ ਵਧੀਆ ਪ੍ਰਬੰਧ ਕੀਤਾ।

ਸਤਿਗੁਰੂ ਜੀ, ਮਾਤਾ ਜੀ, ਬੀਬੀ ਜੀ ਸੰਤ ਜੀ ਆਦਿ ਪ੍ਰਸ਼ਾਦ ਪਾਣੀ ਛਕਣ ਉਪਰੰਤ ਤਕਰੀਬਨ 4 ਕੁ ਵਜੇ ਕੁਝ ਘਰਾਂ ਵਿਚ ਚਰਨ ਪਾਉਂਦੇ 5.30 ਤੋਂ 6.30 ਵਜੇ ਤਕ ਨਾਮ ਸਿਮਰਨ ਵਿਚ ਦਰਸ਼ਨ ਦਿਤੇ ਜਿਸ ਦੌਰਾਨ ਸੰਤ ਨਿਸ਼ਾਨ ਸਿੰਘ ਨੇ ਪ੍ਰੇਮ ਅਤੇ ਭਗਤੀ ਭਾਵ ਵਿਸ਼ੇ ਤੇ ਕਥਾ ਕਰ ਸਿਖ ਮਤ ਦੇ ਅਰਥ ਸਮਝਾਏ। ਉਪਰੰਤ ਇਕ ਘੰਟਾ ਕੀਰਤਨ ਸਰਵ ਸੰਤ ਬਲਵੰਤ ਸਿੰਘ, ਸੁਰਮੁਖ ਸਿੰਘ, ਹਰਪ੍ਰੀਤ ਸਿੰਘ ਹਜ਼ੂਰੀ ਜਥੇ ਨੇ ਕੀਰਤਨ ਕੀਤਾ ਨਾਲ ਸਾਥ ਦਿੱਤਾ ਗੁਰਸ਼ਰਨ ਸਿੰਘ ਨੇ ਗਾਇਨ ਕੀਤੇ ਸ਼ਬਦਾਂ ਦਾ ਵੇਰਵਾ-

***-ਸੋ ਦਿਨੁ ਸਫਲੁ ਗਣਿਆ***
***ਹਰਿ ਪ੍ਰਭੂ ਮਿਲਾਇਆ ਰਾਮ।।***
***-ਜੋ ਜਨ ਲੇਹਿ ਖਸਮ ਕਾ ਨਾਉ।।***
***ਤਿਨ ਕੈ ਸਦ ਬਲਿਹਾਰੈ ਜਾਉ।।***

ਨਾਮ ਸਿਮਰਨ ਉਪਰੰਤ ਮੈਲਬਰਨ ਤੋਂ ਆਏ ਨੌਜਵਾਨਾ ਦਾ ਜਥਾ ਬ੍ਰਿਸਬੇਨ ਲਈ ਲਈ ਰਵਾਨਾ ਹੋਇਆ। ਬੀਬੀ ਗੁਣਵੰਤ ਕੌਰ, ਸੂਬਾ ਬਲਬੀਰ ਸਿੰਘ ਦੀ ਧਰਮ ਪਤਨੀ ਨੇ ਆਣ ਸਤਿਗੁਰੂ ਜੀ ਦੇ ਚਰਨ ਪਰਸੇ ਅਤੇ ਨਾਲ ਲਿਆਂਦੇ ਪਦਾਰਥ ਆਦਿ ਭੇਟ ਕੀਤੇ।

**6 ਜੁਲਾਈ-** ਆਸਾ ਦੀ ਵਾਰ ਦਾ ਕੀਰਤਨ ਹਾਲ ਵਿਚ ਸਵੇਰੇ 5 ਤੋਂ 7 ਵਜੇ ਤਕ ਕੀਤਾ ਗਿਆ। 125 ਤਕ ਦੀ ਗਿਣਤੀ ਸ਼ਾਮ ਵਾਂਗ ਸੀ। ਵਾਰ ਦੌਰਾਨ ਮਨ ਅਵਸਥਾ ਵਿਚ ਕਿੰਨੇ ਹੀ ਮਨਾਂ ਤੇ ਗੁਰਸਿਖੀ ਅਸਰ ਹੋਇਆ। ਸ੍ਰੀ ਹਜ਼ੂਰ ਦੇ ਦਰਸ਼ਨ ਕੀਰਤਨ ਦੌਰਾਨ ਪੜੇ ਜਾਣ ਵਾਲੇ ਸ਼ਬਦ ਅਤੇ ਉਹਨਾਂ ਨਾਲ ਲਗਣ ਵਾਲੇ ਪ੍ਰਮਾਣ ਇਕ ਸਕੂਲ ਦੀ ਕਲਾਸ ਵਾਂਗ ਹੀ ਤਾਂ ਹੁੰਦੇ ਹਨ ਜਿਥੇ ਪਾਠ ਪੜ ਕੇ ਪੰਡਤ ਹੋ ਸਕੀਦਾ ਹੈ। ਪੜੇ ਸ਼ਬਦਾਂ ਦਾ ਵੇਰਵਾ-

***- ਬੁਰੇ ਕਾਮ ਕਉ ਊਠਿ ਖਲੋਇਆ***
***ਨਾਮ ਕੀ ਬੇਲਾ ਪੈ ਪੈ ਸੋਇਆ।।***
***- ਕਹਉ ਕਹਾ ਅਪਨੀ ਅਧਮਾਈ।।***
***ਉਰਝਿਓ ਕਨਕ ਕਾਮਨੀ ਕੇ ਰਸ***
***ਨਹ ਕੀਰਤਿ ਪ੍ਰਭ ਗਾਈ।।***
***- ਕਬੀਰ ਮਨੁ ਪੰਖੀ ਭਇਓ***
***ਉਡਿ ਉਡਿ ਦਹ ਦਿਸ ਜਾਇ।।***
***- ਸਤਿਗੁਰ ਗੁਣੀ ਨਿਧਾਨ ਹੈ***
***ਗੁਣ ਕਰਿ ਬਖਸੈ ਅਵਗੁਣਿਆਰੇ।।***

ਇਸ ਸਾਰੇ ਪ੍ਰੋਗਰਾਮ ਦਾ ਲਾਈਵ ਟੈਲੀਕਾਸਟ ਕਰਨਪਾਲ ਸਿੰਘ ਦੇ ਸਹਿਯੋਗ ਨਾਲ ਹੁੰਦਾ ਰਿਹਾ। ਵਾਰ ਉਪਰੰਤ ਸੈਰ ਕਰਦਿਆਂ ਕੁਝ ਘਰਾਂ ਵਿਚ ਚਰਨ ਪਾਏ। ਵੇਰਵਾ-ਹਰਨਾਮ ਸਿੰਘ ਪੁੱਤਰ ਸੰਤ ਹਰਦਿਆਲ ਸਿੰਘ ਅਤੇ ਦੀਵਾਨ ਸਿੰਘ ਪੁਤਰ ਦਰਸਨ ਸਿੰਘ। ਗੁਰਦੇਵ ਸਿੰਘ ਘਰ ਆ ਜਲ ਪਾਣੀ ਗ੍ਰਹਿਣ ਕਰ ਪਰਵਾਰ ਨੂੰ ਬਹੁਤ ਪਿਆਰ ਦਿੱਤਾ ਅਤੇ ਬਾਹਰ ਆ ਸੰਤ ਸਤਨਾਮ ਸਿੰਘ ਨੂੰ ਕਲਾਵੇ ਵਿਚ ਲੈ ਭਗਤ ਕਬੀਰ ਜੀ ਦੀ ਲਿਖੀ ਤੁਕ

***ਜਿਹ ਘਟ ਰਾਮੁ ਰਿਹਾ ਭਰਪੂਰਿ।।***
***ਤਿਨ ਕੀ ਪਗ ਪੰਕਜ ਹਮ ਧੂਰਿ।।***

ਨਾਲ ਖਲੋਤੇ ਸੰਤ ਨਿਸ਼ਾਨ ਸਿੰਘ ਅਤੇ ਸੰਤ ਗੁਰੂਬਚਨ ਸਿੰਘ ਨਾਲ ਇਸੇ ਤੁਕ ਤੇ ਬਚਨ ਕਰਦਿਆਂ ਗੂੜ ਗਿਆਨ ਦੀ ਚਰਚਾ ਚਲ ਪਈ। ਸ੍ਰੀ ਹਜ਼ੂਰ ਦੇ ਮੁਖਾਰਬਿੰਦ ਤੋਂ ਇਸ ਤਰ੍ਹਾਂ ਜਾਪਦਾ ਸੀ ਸਾਨੂੰ ਨਾਂਲ ਖਲੋਤਿਆਂ ਨੂੰ ਇਹ ਗੁਰਸਿਖੀ ਦੇ ਪਰਮ ਪਾਠ ਦਾ ਸਹਿਜ ਭਾਵ ਦਾ ਅਧਿਐਨ ਕਰਵਾਇਆ ਜਾ ਰਿਹਾ ਹੈ।

ਹੋਰ ਘਰਾਂ ਵਿਚ ਚਰਨ ਪਾਏ ਵੇਰਵਾ- ਗੁਰਦਿਤ ਸਿੰਘ, ਸੂਬਾ ਹਰਦੀਪ ਸਿੰਘ ਦਾ ਦਮਾਦ ਗੁਰਜਿੰਦਰ ਸਿੰਘ, ਗੁਰਪ੍ਰਕਾਸ਼ ਸਿੰਘ, ਇਕ ਖੁਲਾ ਪਰਿਵਾਰ ਲੁਧਿਆਣੇ ਤੋਂ ਸੰਤ ਸਤਨਾਮ ਸਿੰਘ ਦੇ ਵਾਕਫ। ਉਪਰੰਤ ਸਤਿਗੁਰੂ ਜੀ, ਭਾਰਤ ਤੋਂ ਆਈ ਸਾਰੀ ਸੰਗਤ ਸਹਿਤ ਅਤੇ ਇਥੋਂ ਦੇ ਸੇਵਾ ਰਤ ਨੌਜਵਾਨਾਂ ਸਹਿਤ ਪਰਥ ਸ਼ਹਿਰ ਦੇ ਮਸ਼ਹੂਰ ਕਿੰਗਮ ਪਾਰਕ ਵਿਖੇ ਭ੍ਰਮਣ ਕੀਤਾ। 100 ਏਕੜ ਦੇ ਬਹੁਤ ਖੂਬਸੂਰਤ ਇਸ ਪਾਰਕ ਵਿਚ ਸ਼ਹਿਰ ਦਾ ਸਾਰਾ ਨਜ਼ਾਰਾ ਦਿਸਦਾ ਹੈ ਅਤੇ ਫੋਟੂਆਂ ਆਦਿ ਦੇ ਨਾਲ ਸੈਰ ਤੋਂ ਇਲਾਵਾ ਸ੍ਰੀ ਹਜ਼ੂਰ ਦਰਸ਼ਨ ਕਰਨ ਆਏ ATLAS HOCKEY ਦੇ ਹਰਜਿੰਦਰ ਸਿੰਘ ਨਾਲ ਇਕ ਵਿਸ਼ੇਸ਼ ਮੀਟਿੰਗ ਕੀਤੀ। ਇਹ ਪਿਛਲੇ 15 ਸਾਲਾਂ ਤੋਂ ਸਤਿਗੁਰੂ ਜੀ ਦੇ ਸੰਪਰਕ ਵਿਚ ਹਨ ਅਤੇ ਇਹਨਾਂ ਨੇ ਨਾਮਧਾਰੀ ਹਾਕੀ ਟੀਮ ਲਈ ਹਾਕੀਆਂ ਵੀ ਭੇਟ ਕੀਤੀਆਂ। ਪਾਰਕ ਵਿਚ ਸੈਰ ਉਪਰੰਤ ਸਤਿਗੁਰੂ ਜੀ ਇਹਨਾਂ ਦੇ ਸ਼ੋਅਰੂਮ ਵਿਚ ਵੀ ਦਰਸ਼ਨ ਦਿਤੇ ਅਤੇ ਇਸਨੇ ਹਾਕੀ ਬਣਾਉਣ ਲਈ ਇਹਨਾਂ ਵਲੋਂ ਅਪਣਾਈ ਉਚ ਤਕਨੀਕ ਦੀ ਜਾਣਕਾਰੀ ਸਾਂਝੀ ਕੀਤੀ।

ਹੋਰ ਪਾਏ ਚਰਨਾਂ ਦਾ ਵੇਰਵਾ- ਇਕ ਖੁਲੇ ਸਿਖ ਦੀ ਅਰਜ਼ ਤੇ ਉਸਦੇ ਕਾਰ ਵਾਸ਼ਿੰਗ ਸਟੇਸਨ ਤੇ, ਜਗਦੇਵ

**(ਬਾਕੀ ਸਫਾ 7 'ਤੇ)**



**ਸ੍ਰੀ ਸਤਿਗੁਰੂ ਜੀ ਦੇ ਪਰਥ ਦੌਰੇ ਸਮੇਂ ਸਾਧ ਸੰਗਤ ਨਾਮ ਸਿਮਰਨ ਕਰਦੀ ਹੋਈ।**

# ਸਤਿਗੁਰੂ ਜੀ ਦਾ ਆਸਟ੍ਰੇਲੀਆ ਦੌਰਾ...(ਬਾਕੀ ਸਫਾ 6 ਦੀ)



**ਸ੍ਰੀ ਸਤਿਗੁਰੂ ਜੀ ਸਰਬਤ ਦੇ ਭਲੇ ਲਈ ਪਰਥ ਵਿਖੇ ਪ੍ਰਵਚਨ ਕਰਦੇ ਹੋਏ।**

ਸਿੰਘ ਅੱਟੀ ਤੋਂ, ਸਾਹਬ ਸਿੰਘ ਦੇ ਗ੍ਰਹਿ ਵਿਖੇ ਦਰਸ਼ਨ ਦੇ ਕੇ ਉਪਰੰਤ 5.30 ਤੋਂ 6.30 ਵਜੇ ਤਕ ਨਾਮ ਸਿਮਰਨ ਅਤੇ ਕੀਰਤਨ ਵਿਚ ਦਰਸ਼ਨ ਦਿੱਤੇ। ਸੰਤ ਗੁਰੂ ਬਚਨ ਸਿੰਘ ਨੇ ਕਥਾ ਕੀਤੀ। ਰਾਗੀ ਨੇ ਸ਼ਬਦ ਕੀਰਤਨ ਕੀਤਾ।

**7 ਜੁਲਾਈ–** ਹਜ਼ੂਰੀ ਰਾਗੀਆਂ ਦੁਆਰਾ ਆਸਾ ਦੀ ਵਾਰ ਦੇ ਕੀਰਤਨ ਉਪਰੰਤ ਬੜੇ ਸੁਚਜੇ ਢੰਗ ਨਾਲ ਨਪੇ ਤੁਲੇ ਸ਼ਬਦਾਂ ਵਿਚ ਨੌਜਵਾਨ ਗੁਰਿੰਦਰਪਾਲ ਨੇ ਸਤਿਗੁਰੂ ਜੀ ਸਹਿਤ ਸਾਰੀ ਸੰਗਤ ਦਾ ਧੰਨਵਾਦ ਕੀਤਾ ਅਤੇ ਸੇਵਾ ਕਰਦਿਆਂ ਰਹਿ ਗਈਆਂ ਕਮੀਆਂ ਲਈ ਸਾਰੇ ਪਰਥ ਦੇ ਨੌਜਵਾਨਾਂ ਅਤੇ ਸੰਗਤ ਵਲੋਂ ਸਤਿਗੁਰੂ ਜੀ ਤੋਂ ਖਿਮਾ ਯਾਚਨਾ ਕਰ ਛੇਤੀਂ ਛੇਤੀਂ ਦਰਸ਼ਨ ਦੇਣ ਲਈ ਅਰਜ਼ ਬੇਨਤੀ ਗੁਜਾਰੀ। ਉਸਨੇ ਰਾਗੀਆਂ, ਕਥਾਕਾਰਾਂ ਅਤੇ ਵਿਦਿਅਕ ਜਥੇ ਦੇ ਨੌਜਵਾਨਾਂ ਦਾ ਵੀ ਧੰਨਵਾਦ ਕੀਤਾ। ਸੂਬਾ ਸਤਨਾਮ ਸਿੰਘ ਨੇ ਪਰਥ ਦੇ ਨੌਜਵਾਨਾਂ ਦੇ ਕੀਤੇ ਪ੍ਰਬੰਧ ਅਤੇ ਬੀਬੀਆਂ ਵਲੋਂ ਕੀਤੀ ਲੰਗਰ ਦੀ ਸੇਵਾ ਦੀ ਸ਼ਲਾਘਾ ਕੀਤੀ ਅਤੇ ਗਰੀਬ ਨਿਵਾਜ ਜੀ ਦਾ ਦਰਸ਼ਨ ਦੇਣ ਲਈ ਕੋਟਾਨ ਕੋਟ ਧੰਨਵਾਦ ਕੀਤਾ। ਗੁਰਮੁਖ ਸਿੰਘ ਰਹਿਬਰ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ 50 ਸਾਲ ਪਹਿਲਾਂ ਆਰੰਭੇ ਅਤੇ ਵਰਤਮਾਨ ਸਤਿਗੁਰੂ ਜੀ ਦੁਆਰਾ ਚਲਾਏ ਜਾਣ ਵਾਲੇ ਵਿਦਿਅਕ ਜਥੇ ਦੇ ਮਨਵਤ ਅਤੇ ਕਾਰਗੁਜਾਰੀਆਂ ਬਾਰੇ ਜਾਣਕਾਰੀ ਦਿੰਦਿਆਂ ਇਥੋਂ ਦੇ ਨੌਜਵਾਨਾਂ ਨੂੰ ਵਿਦਿਅਕ ਜਥੇ ਨਾਲ ਸਦਾ ਸੰਪਰਕ ਬਣਾਈ ਰਖਣ ਦੇ ਸੂਤਰ ਦਸੇ। ਆਗਾਮੀ ਪ੍ਰਯੋਗ ਅਤੇ ਇਥੋਂ ਦੀ ਤਕਰੀਬਨ 100 ਕੁ ਗਿਣਤੀ ਦੁਆਰਾ ਹੋਣ ਵਾਲੇ ਹਫਤਾਵਾਰੀ ਨਾਮ ਸਿਮਰਨ ਦੀ ਜਾਣਕਾਰੀ ਕੇਂਦਰੀ ਵਿਦਿਅਕ ਜਥੇ ਦੇ ਦਫਤਰ ਨੂੰ ਦਿੰਦੇ ਰਹਿਣ ਲਈ ਆਖਿਆ ਅਤੇ ਸੇਵਾ ਨੂੰ ਸਦਾ ਸਮਰਪਿਤ ਹੋਣ ਲਈ ਪ੍ਰੇਰਿਆ।

**ਉਪਦੇਸ਼ ਸਤਿਗੁਰੂ ਉਦੈ ਸਿੰਘ ਜੀ**–ਇਥੇ ਤੁਸੀਂ ਸਿੱਖੀ ਸਾਂਭੀ ਏ, ਆਰਥਿਕ ਤੁਸੀਂ ਤਰੱਕੀ ਕੀਤੀ ਏ ਜਿਸਨੂੰ ਵੇਖ ਕੇ ਸਤਿਗੁਰੂ ਜਗਜੀਤ ਸਿੰਘ ਜੀ ਖੁਸ਼ ਹੁੰਦੇ ਹੋਣਗੇ। ਤੁਹਾਨੂੰ ਖੁਸ਼ੀਆਂ ਦਿੰਦੇ ਹੋਣਗੇ। ਤੁਸੀਂ ਇਸ ਪਦਾਰਥਵਾਦੀ ਦੇਸ਼ ਵਿਚ ਵੀ ਆਕੇ ਸੇਵਾ ਕੀਤੀ ਏ, ਹਤਫਾਵਾਰੀ ਨਾਮ ਸਿਮਰਨ ਕਰਦੇ ਹੋ, ਜਿਨਾਂ ਨੇ ਸਿਖੀ ਸਰੂਪ ਸਾਬਤ ਰਖਿਆ ਏ ਖੁਸ਼ੀ ਏ, ਜਿਨਾਂ ਨਹੀਂ ਰਖਿਆ ਮੈਨੂੰ ਵਿਸ਼ਵਾਸ਼ ਹੈ ਉਹ ਵੀ ਰਖਣਗੇ। ਸਤਿਗੁਰੂ ਰਾਮ ਸਿੰਘ ਜੀ, ਸਤਿਗੁਰੂ ਜਗਜੀਤ ਸਿੰਘ ਜੀ ਦੇ ਸਿਖ ਨੇ ਉਹਨਾਂ ਦੀ ਖੁਸ਼ਬੂ ਸਾਡੇ ਚੋਂ ਆਵੇ।

ਸਤਿਗੁਰੂ ਜੀ ਦੇ ਪਾਵਨ ਉਪਦੇਸ਼ ਤੋਂ ਬਾਅਦ ਵਿਦਿਅਕ ਜਥੇ ਦੇ ਸਹਿਯੋਗ ਨਾਲ ਇਥੋਂ ਦੇ ਛੋਟੇ ਛੋਟੇ ਬੱਚਿਆਂ ਨੂੰ ਸ੍ਰੀ ਸਤਿਗੁਰੂ ਜੀ ਨੇ ਆਸਨ ਗੜਵਾ ਮਾਲਾ ਗੁਟਕਾ ਆਦਿ ਧਰਮ ਦੇ ਚਿੰਨ੍ਹ ਦੇ ਕੇ ਸਿਖੀ ਵਿਚ ਦ੍ਰਿੜ ਰਹਿਣ ਲਈ ਬਖਸ਼ਿਸ਼ ਕੀਤੀ।

ਤਕਰੀਬਨ 10 ਕੁ ਵਜੇ ਸ੍ਰੀ ਸਤਿਗੁਰੂ ਜੀ ਅਤੇ ਭਾਰਤ, ਥਾਈਲੈਂਡ, ਇੰਗਲੈਂਡ ਆਦਿ ਦੇਸ਼ਾਂ ਤੋਂ ਆਈ ਸਾਧ ਸੰਗਤ ਦੇ ਨਾਲ ਸੂਬਾ ਸਤਨਾਮ ਸਿੰਘ, ਮੈਲਬਾਰਨ, ਰਣਜੀਤ ਸਿੰਘ ਗਿਆਨੀ ਕਨੇਡਾ ਕਾਫਲੇ ਵਿਚ ਸ਼ਾਮਲ ਹੋ ਗਏ ਤੇ ਗਡੀਆਂ ਤੇ ਸਵਾਰ ਹੋ ਪਰਥ ਹਵਾਈ ਅਡੇ ਲਈ ਰਵਾਨਾ ਹੋਏ।

ਇਕ ਵੇਰਵਾ ਉਹਨਾਂ ਦਾ ਜਿਹਨਾਂ ਨੇ ਸਾਰੇ ਦੌਰੇ ਉਤਸ਼ਾਹ ਨਾਲ ਸੇਵਾ ਕੀਤੀ ਅਤੇ ਹੁਣ ਆਪਣੇ ਪ੍ਰੀਤਮ ਪਿਆਰੇ ਨੂੰ ਅਲਵਿਦਾ ਕਰਨ ਆਏ, ਬੀਬੀ ਸ਼ਰਨ ਦੀਪ ਕੌਰ, ਹੀਰਾ ਸਿੰਘ, ਅਮਨਦੀਪ ਕੌਰ, ਗੁਰਦੇਵ ਸਿੰਘ, ਅਰਸ਼ਦੀਪ ਕੌਰ ਅਤੇ ਦੀਵਾਨ ਸਿੰਘ, ਨਵਦੀਪ ਕੌਰ ਅਤੇ ਹਰਨਾਮ ਸਿੰਘ, ਮਨਜੀਤ ਕੌਰ ਅਤੇ ਅਜੇਪਾਲ ਸਿੰਘ, ਨਵਨੀਤ ਕੌਰ ਅਤੇ ਗੁਰਜੀਤ ਸਿੰਘ, ਰੁਪਿੰਦਰ ਕੌਰ ਅਤੇ ਗੁਰਦਿਤ ਸਿੰਘ, ਗੁਰਮੀਤ ਕੌਰ ਅਤੇ ਦਰਸ਼ਨ ਸਿੰਘ, ਹਰਜਿੰਦਰ ਕੌਰ ਅਤੇ ਗੁਰਮੇਲ ਸਿੰਘ, ਹਰਸ਼ਾ ਸਿੰਘ, ਗੁਰਪ੍ਰਕਾਸ਼ ਸਿੰਘ, ਹਰਦਿਆਲ ਸਿੰਘ ਹਾਕੀ ਪਲੇਅਰ, ਗੁਰਜਿੰਦਰ ਸਿੰਘ, ਵਰਿੰਦਰਪਾਲ ਸਿੰਘ ਆਦਿ।

ਮੈਲਬਾਰਨ ਤੋਂ ਆਏ ਗੁਰਸੇਵ ਸਿੰਘ ਪੁਤਰ ਗੁਰਮੁਖ ਸਿੰਘ ਡਰਾਈਵਰ, ਅਨੂਪ ਸਿੰਘ, ਜਤਿੰਦਰ ਸਿੰਘ, ਦਿਲਬਾਗ ਸਿੰਘ, ਰਪਿੰਦਰ ਸਿੰਘ ਆਦਿ।

ਸਤਿਗੁਰੂ ਜੀ ਅਤੇ ਸਾਰਾ ਜਥਾ ਹਵਾਈ ਅਡੇ ਤੇ ਪਹੁੰਚ ਜਹਾਜ ਵਿਚ ਸਵਾਰ ਹੋਇਆ। VA467 ਵਿਰਜਿਨ ਏਅਰਲਾਈਨ ਦੀ ਫਲਾਈਟ ਨੇ 12.45 ਤੇ ਬ੍ਰਿਸਬੇਨ ਲਈ ਉਡਾਨ ਭਰੀ।

**–ਹਰਪਾਲ ਸਿੰਘ ਸੋਧੀ**

## ਬਾਜ਼ਾਰ ਦਾ ਭੋਜਨ ਨਾ ਸ਼ੁੱਧ ਹੁੰਦਾ ਹੈ ਅਤੇ ਨਾ ਹੀ ਮਰਯਾਦਾ ਵਿਚ ਆਉਂਦਾ ਹੈ ਫਿਰ ਕਿਉਂ ਖਾਧਾ ਜਾਵੇ ?

# ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਬੀਬੀ ਗੁਰਮੀਤ ਕੌਰ ਨਮਿਤ ਪਾਠ ਦਾ ਭੋਗ



**ਬੀਬੀ ਗੁਰਮੀਤ ਕੌਰ ਨਮਿਤ ਰਖੇ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦੇ ਪਾਠ ਦਾ ਭੋਗ ਪਾਉਂਦੇ ਮਾਸਟਰ ਦਰਸ਼ਨ ਸਿੰਘ ਅਤੇ . ਸਿੰਘ।**

**ਬੁਢੀ ਮਾੜੀ, 21 ਜੁਲਾਈ 2015–** ਪਿਛਲੇ ਦਿਨੀਂ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜੇ ਬੀਬੀ ਗੁਰਮੀਤ ਕੌਰ ਪਤਨੀ ਸੰਤ ਬਲੀ ਸਿੰਘ ਗੋਰਾਇਆ ਨਮਿਤ ਰਖੇ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦੇ ਪਾਠ ਦਾ ਭੋਗ ਉਹਨਾਂ ਦੇ ਗ੍ਰਹਿ ਪਿੰਡ ਬੁਢੀ ਮਾੜੀ (ਜ਼ਿਲਾ ਸਰਸਾ) ਵਿਖੇ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਹਜ਼ੂਰੀ ਵਿਚ ਪਾਇਆ ਗਿਆ। ਸਤਿਗੁਰੂ ਜੀ ਨੇ

***ਜਿਸ ਕੀ ਵਸਤ ਸੋਈ ਲੈ ਜਾਇਗਾ ਰੋਸੁ ਕਿਸੈ ਸਿਉ ਕੀਜੈ।।***
***ਗੁਰਮੁਖਿ ਹੋਵੈ ਸੁ ਭਾਣਾ ਮੰਨੇ ਸਹਜੇ ਹਰਿ ਰਸੁ ਪੀਜੈ।।***

ਨਾਲ ਬਚਨ ਕੀਤਾ ਕਿ ਇਹ ਪਰਿਵਾਰ ਹਮੇਸ਼ਾਂ ਗੁਰ-ਸਿੱਖ ਮਰਯਾਦਾਵਾਂ ਦਾ ਧਾਰਨੀ ਰਿਹਾ ਹੈ ਅਤੇ ਅਗੋਂ ਵੀ ਇਸ ਗੱਲ ਤੇ ਪਹਿਰਾ ਦੇਂਦੇ ਰਹਿਣਗੇ। ਸਤਿਗੁਰੂ ਜੀ ਨੇ ਇਸ ਮੌਕੇ ਇਲਾਕੇ ਵਿਚ ਬਿਤਾਏ ਸਮੇਂ ਨੂੰ ਵੀ ਯਾਦ ਕੀਤਾ।

ਬੀਬੀ ਜੀ ਨਮਿਤ ਮੇਲੇ ਦੀ ਸ਼ੁਰੂਆਤ ਸਵੇਰੇ 10 ਵਜੇ ਸੰਤ ਜਸਪਾਲ ਸਿੰਘ ਕਥਾਵਾਚਕ ਦੀ ਕਥਾ ਨਾਲ ਹੋਈ ਅਤੇ ਕਵੀਸ਼ਰ ਜੋਗਾ ਸਿੰਘ ਭੰਗੂਰ ਦੀ ਕਵੀਸ਼ਰੀ ਤੋਂ ਬਿਨਾਂ ਸ੍ਰੀ ਬਿਸ਼ਨ ਦਾਸ ਤੇ ਦੋ ਬਚੀਆਂ ਨੇ ਕੀਰਤਨ ਕੀਤਾ। ਸ੍ਰੀ ਭੈਣੀ ਸਾਹਿਬ ਤੋਂ ਆਏ ਜਥੇਦਾਰ ਕਮਾਲ ਸਿੰਘ ਨੇ ਹੱਲੇ ਦੇ ਦਿਵਾਨ ਵਿਚ ਪੂਰਨ ਭਗਤ ਦਾ ਪ੍ਰਸੰਗ ਸੁਣਾਇਆ ਅਤੇ ਬਾਅਦ ਵਿਚ ਹਜ਼ੂਰੀ ਰਾਗੀ ਸੰਤ ਹਰਬੰਸ ਸਿੰਘ ਘੁਲਾ ਤੇ ਸਾਥੀਆਂ ਨੇ

***ਜੋ ਦਿਨ ਆਵਹਿ ਸੋ ਦਿਨ ਜਾਹੀ।।***

ਸ਼ਬਦ ਕੀਰਤਨ ਕਰਕੇ ਉਹਨਾਂ ਨੂੰ ਯਾਦ ਕੀਤਾ। ਉਸ ਤੋਂ ਬਾਅਦ ਸ. ਸਵਰਨ ਸਿੰਘ ਵਿਰਕ ਹੋਰਾਂ ਬੀਬੀ ਜੀ ਦੇ ਪਿਛੋਕੜ ਨੂੰ ਗੁਜ਼ਰਾਂਵਾਲੇ ਤੋਂ ਬਿਆਨ ਕਰਦੇ ਹੋਏ ਦੱਸਿਆ ਕਿ ਉਹ ਸੰਤ ਤਰਨ ਸਿੰਘ ਵਹਿਮੀ ਦੇ ਦੂਸਰੇ ਪੁੱਤਰ ਸੰਤ ਬਲੀ ਸਿੰਘ ਦੇ ਹਮ ਸਾਇਆ ਬਣਕੇ ਸੰਤ ਤਰਨ ਸਿੰਘ ਵਹਿਮੀ ਦੀ ਨੂੰਹ ਬਣੇ। ਨਾਮਧਾਰੀ ਦਰਬਾਰ ਦੇ ਪ੍ਰਧਾਨ ਸ. ਹਰਵਿੰਦਰ ਸਿੰਘ ਹੰਸਪਾਲ ਨੇ ਬੀਬੀ ਜੀ ਦੇ ਪਰਿਵਾਰ ਨਾਲ ਨਿਜੀ ਸਾਂਝ ਦਸੀ। ਸ. ਬਲਵੰਤ ਸਿੰਘ ਰਾਮੂਵਾਲੀਆ ਨੇ ਬੀਬੀ ਜੀ ਨੂੰ ਉਹ ਸਿੱਪੀ ਆਖਕੇ ਸੰਬੋਧਨ ਕੀਤਾ ਜਿਸ ਚੋਂ ਮੋਤੀ ਨਿਕਲਦੇ ਰਹੇ।

ਇਸ ਸਮੇਂ ਸ੍ਰੀ ਅਭੈ ਚੋਟਾਲਾ ਨੇਤਾ ਇਨੈਲੋ, ਸ. ਚਰਨਜੀਤ ਸਿੰਘ ਰੋੜੀ ਐਮ. ਪੀ. ਸਿਰਸਾ, ਸ. ਤਰਲੋਚਨ ਸਿੰਘ ਸਾਬਕਾ ਚੇਅਰਮੈਨ ਘੱਟ ਗਿਣਤੀ ਕਮੀਸ਼ਨ ਭਾਰਤ ਸਰਕਾਰ ਅਤੇ ਸ. ਮਨਜੀਤ ਸਿੰਘ ਜੀ. ਕੇ. ਪ੍ਰਧਾਨ ਦਿ. ਸਿ. ਗੁ. ਕਮੇਟੀ ਹੋਰਾਂ ਨੇ ਸ਼ੋਕ ਸੰਦੇਸ਼ ਭੇਜੇ ਅਤੇ ਸ੍ਰੀ ਰਾਮ ਚੰਦਰ ਐਮ. ਐਲ. ਏ., ਸ. ਬਲਕੌਰ ਸਿੰਘ ਐਮ. ਐਲ. ਏ. ਰੋੜੀ, ਸ੍ਰੀ ਰਾਜੀਵ ਗੋਦਾਰਾ, ਸ. ਮਨਿਜੰਦਰ ਸਿੰਘ ਸਿਰਸਾ ਦੇ ਪਿਤਾ ਨੇ ਪਹੁੰਚ ਕੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।

ਸਤਿਗੁਰੂ ਜੀ ਦੇ ਮਹਿਲ ਬੀਬੀ ਗੁਰਸ਼ਰਨ ਕੌਰ ਨੇ ਵੀ ਪਰਿਵਾਰ ਪ੍ਰਤੀ ਸੰਵੇਦਨਾ ਪ੍ਰਗਟ ਕੀਤੀ।

ਇਸ ਮੇਲੇ ਵਿਚ ਸ੍ਰੀ ਭੈਣੀ ਸਾਹਿਬ, ਸ੍ਰੀ ਜੀਵਨ ਨਗਰ, ਲੁਧਿਆਣਾ, ਦਿੱਲੀ, ਚੰਡੀਗੜ੍ਹ, ਸਮਰਾਲਾ ਅਦਿ ਥਾਵਾਂ ਤੋਂ ਪਤਵੰਤੇ ਸੱਜਣਾਂ, ਮਿੱਤਰਾਂ ਅਤੇ ਸਾਧ ਸੰਗਤ ਨੇ ਦਰਸ਼ਨ ਦਿੱਤੇ।

ਇਸ ਦੌਰਾਨ ਪਰਿਵਾਰ ਵਲੋਂ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦੇ 2 ਪਾਠਾਂ ਦੇ ਭੋਗ ਪਾਏ ਗਏ। ਇਕ ਪਾਠ ਬੀਬੀ ਜੀ ਦੀ ਆਤਮਿਕ ਸ਼ਾਂਤੀ ਲਈ ਅਤੇ ਇਕ ਪਾਠ ਆਪਣੇ ਪੂਜਨੀਕ ਬਜ਼ੁਰਗ ਸੰਤ ਤਰਨ ਸਿੰਘ ਵਹਿਮੀ ਜੀ ਦੀ ਯਾਦ ਵਿਚ ਪੁਆਇਆ ਗਿਆ। ਪਰਿਵਾਰ ਜੀਆਂ ਨੇ ਮੱਥਾ ਟੇਕਿਆ। ਸੂਬਾ ਬਲਵਿੰਦਰ ਸਿੰਘ ਝੱਲ ਨੇ ਮੇਲੇ ਦੀ ਅਰਦਾਸ ਕੀਤੀ। ਬੀਬੀ ਜੀ ਦੇ ਪਰਿਵਾਰ ਵਿਚ 2 ਲੜਕੇ ਅਤੇ 5 ਧੀਆਂ ਹਨ।

ਅੰਤ ਵਿਚ ਪਰਿਵਾਰ ਵਲੋਂ ਬੀਬੀ ਜੀ ਦੇ ਛੋਟੇ ਪੁੱਤਰ ਸ. ਗੁਰਭੇਜ ਸਿੰਘ ਨੇ ਸਤਿਗੁਰੂ ਜੀ ਦੇ ਦਰਸ਼ਨ ਦੇਣ ਲਈ ਅਤੇ ਪਤਵੰਤੇ ਸੱਜਣਾਂ ਮਿਤਰਾਂ ਦਾ ਇਸ ਘੜੀ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਅਤੇ ਮੇਲੇ ਵਿਚ ਆਉਣ ਲਈ ਧੰਨਵਾਦ ਕੀਤਾ। ਜਲਪਾਣੀ ਦੀ ਸੇਵਾ ਇਲਾਕੇ ਦੇ ਵਿਦਿਅਕ ਜਥੇ ਦੇ ਨੌਜਵਾਨਾਂ ਨੇ ਸੰਭਾਲੀ।

**–ਤੇਜਵੰਤ ਸਿੰਘ ਸੱਗੂ, ਰਾਣਾ**



**ਬੀਬੀ ਗੁਰਮੀਤ ਕੌਰ ਦੇ ਭੋਗ ਸਮੇਂ ਹਾਜ਼ਰ ਸਾਧ ਸੰਗਤ।**

RNI NO. 55658/93 Delhi Postal Regd. No. DL(W) 01/2055/15-17
License to Post Without Pre-Payment, U(C) - 169/2015-17



ਪਿੰਡ ਬੂਢੀਮਾੜੀ ਵਿਖੇ ਬੀਬੀ ਗੁਰਮੀਤ ਕੌਰ ਨਮਿਤ ਪਾਠ ਦੇ ਭੋਗ ਸਮੇਂ ਹਜ਼ੂਰੀ ਰਾਗੀ ਹਰਬੰਸ ਸਿੰਘ ਘੁੱਲਾ ਸਾਥੀਆਂ ਸਮੇਤ ਕੀਰਤਨ ਕਰਦੇ ਹੋਏ।



ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਪਿੰਡ ਬੂਢੀਮਾੜੀ ਵਿਖੇ ਬੀਬੀ ਗੁਰਮੀਤ ਕੌਰ ਦੇ ਭੋਗ ਸਮੇਂ ਪਰਵਾਰਿਕ ਮੈਂਬਰ ਸੰਤ ਬਲੀ ਸਿੰਘ, ਸੰਤ ਸਾਧੂ ਸਿੰਘ ਕਿਸਾਨ ਅਤੇ ਸ. ਗੁਰਭੇਜ ਸਿੰਘ ਗੋਰਾਇਆ ਆਪ ਜੀ ਨੂੰ ਨਮਸਕਾਰ ਕਰਦੇ ਹੋਏ।



ਪਰਥ ਆਸਟ੍ਰੇਲੀਆ ਵਿਖੇ ਸ੍ਰੀ ਸਤਿਗੁਰੂ ਜੀ ਸਰਬਤ ਦੇ ਭੱਲੇ ਲਈ ਪ੍ਰਵਚਨ ਕਰਨ ਦੀ ਕ੍ਰਿਪਾ ਕਰਦੇ ਹੋਏ।



ਸ੍ਰੀ ਸਤਿਗੁਰੂ ਜੀ ਵਿਸ਼ਵ ਵਿਖਿਆਤ ਹਾਕੀ ਨਿਰਮਾਤਾ ਕੰਪਨੀ ਐਟਲਸ ਦੇ ਸ਼ੋਰੂਮ 'ਚ ਹਰਜਿੰਦਰ ਸਿੰਘ (ਕੰਪਨੀ ਮਾਲਕ) ਨਾਲ ਬਚਨ ਬਿਲਾਸ ਕਰਦੇ ਹੋਏ।



ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਸ਼ਿਕਾਗੋ ਵਿਖੇ ਕਾਕਾ ਜੈ ਪ੍ਰੀਤ ਸਿੰਘ ਪੁੱਤਰ ਸੰਤ ਗੁਰਮੀਤ ਸਿੰਘ ਬਿਰਦੀ, ਬੀਬੀ ਰਛਪਾਲ ਕੌਰ ਦੀ ਅੰਤਿਮ ਅਰਦਾਸ ਸਮੇਂ ਦੂਰੋਂ ਨੇੜਿਓ ਪਹੁੰਚੀ ਸਾਧ-ਸੰਗਤ ਅਤੇ ਰਿਸ਼ਤੇਦਾਰ।



ਸ੍ਰੀ ਸਤਿਗੁਰੂ ਜੀ ਨੇ ਪਰਥ ਦੇ ਵਸਨੀਕ ਨੌਜਵਾਨ ਬੱਚਿਆਂ ਨੂੰ ਗੁਰਸਿੱਖੀ ਦੇ ਚਿੰਨ੍ਹ ਬਖ਼ਸ਼ਿਸ਼ ਕੀਤੇ ।

Subscriber's Address

Type setting by: CADCON
Designed by: SHWETA GRAPHICS

ਇਕ ਪ੍ਰਤੀ : ਪੰਜ ਰੁਪਈਏ
ਇਕ ਸਾਲ : ਦੇਸ - 250 ਰੁਪਈਏ, ਪ੍ਰਦੇਸ - 30 ਪੌਂਡ
ਪੰਜ ਸਾਲ : ਦੇਸ - 1000 ਰੁਪਈਏ, ਪ੍ਰਦੇਸ - 120 ਪੌਂਡ

ਦਿੱਲੀ
ਵੀਰਵਾਰ: ਸੂਰਜ ਚੜ੍ਹਣ ਦਾ ਸਮਾਂ-ਸਵੇਰੇ 5:30 ਮਿੰਟ
ਵੀਰਵਾਰ: ਸੂਰਜ ਡੁੱਬਣ ਦਾ ਸਮਾਂ-ਸ਼ਾਮੀਂ 7:22 ਮਿੰਟ

Printed and published by Mr. Harvendra Singh Hanspal on behalf of Namdhari Darbar. Printed at Ravindra Offset Press, A-26, Phase-II, Narayana, New Delhi 110028 and published from Namdhari Gurdwara, Ramesh Nagar, New Delhi-110015. Editor - Mr. Harvendra Singh Hanspal.
Phone : +91-9212318103, Email : Satjug@sribhainisahib.com, satjugweekly@gmail.com
Issue No. 22 of 6 August 2015